# ਅੰਮ੍ਰਿਤ ਕੀਰਤਨ

ਅੰਕ 6 ਸਾਲ ਚੌਥਾ ਜੂਨ 1992




ਆਨਰੇਰੀ ਸੰਪਾਦਕ

# ਅੰਮ੍ਰਿਤ ਕੀਰਤਨ

ਅੰਕ 6 ਸਾਲ ਚੌਥਾ ਜੂਨ 1992

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਟਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ)
22 ਸੈਕਟਰ 15 ਏ
ਚੰਡੀਗੜ੍ਹ-160015
ਫੋਨ : 24660

ਚੰਦੇ ਦਾ ਵੇਰਵਾ
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

**ਵਿਸ਼ਾ** **ਪੰਨਾ**

1. ਤੁਹਾਡੇ ਪੱਤਰ 4
2. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ ਡਾ. ਜਾਗੀਰ ਸਿੰਘ 6
3. ਬੰਗਾਲੀ ਗਾਇਕ ਅਤੇ ਗੁਰਬਾਣੀ ਕੀਰਤਨ — ਬਚਨ ਸਿੰਘ ਸਰਲ 9
4. ਸੰਗੀਤ ਸਿੱਖਿਆ — ਸਪਤਕ 10
5. ਮਾਸਟਰ ਨਿਹਾਲ ਸਿੰਘ ਜੀ ਪ੍ਰੋ. ਕਰਤਾਰ ਸਿੰਘ 11
6. ਆਸਾ ਦੀ ਵਾਰ ਦਾ ਲੜੀਵਾਰ ਵੀਚਾਰ —ਪ੍ਰੇਮ ਸਿੰਘ 'ਪ੍ਰੇਮ' 17
7. ਪ੍ਰਸਿੱਧ ਕੀਰਤਨੀਏ :ਭਾਈ ਵਰਿਆਮ ਸਿੰਘ ਟੌਹੜਾ — ਡਾ. ਇੰਦਰ ਸਿੰਘ ਟਿਵਾਣਾ 20
8. ਹੈੱਡ ਰਾਗੀ ਭਾਈ ਸੁਖਦੇਵ ਸਿੰਘ — ਤ੍ਰਿਲੋਚਨ ਪਠਲਾਣਾ 22
9. ਗੁਰਬਾਣੀ ਸੰਗੀਤ ਅਤੇ ਗੁਰਮਤਿ ਸਮਾਚਾਰ —ਡਾ. ਜਾਗੀਰ ਸਿੰਘ - ਗੁਰਭਜਨ ਗਿੱਲ 23
10. The New Zealand Sikh Connection —By Seema Kaur Newzealand 27
11. ਸੁਰ ਲਿਪੀ ਤੇ ਸ਼ਬਦ-ਅਰਥ-ਰਾਗ ਬਿਲਾਵਲ ਤੇ ਗਉੜੀ — ਕਰਨਬੀਰ ਕੌਰ 30

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

ਇਹ ਕੀਰਤਨ ਦੀ ਦਾਤ ਆਪ ਜੀ ਨੂੰ ਸੱਚੇ ਪਿਤਾ ਗੁਰੂ ਨਾਨਕ ਦੇਵ ਜੀ ਦੀ ਮਹਾਨ ਬਖਸ਼ਿਸ਼ ਹੈ ਤੇ ਆਪ ਜੀ ਇਸ ਕੀਰਤਨ ਦੀ ਦਾਤ ਦੇ ਖੁੱਲ੍ਹੇ ਗੱਫੇ ਸੰਗਤਾਂ ਵਿਚ ਵੰਡ ਰਹੇ ਹੋ। ਵਾਹਿਗੁਰੂ ਜੀ ਸਦਾ ਆਪ ਜੀ ਤੇ ਆਪਣੀਆਂ ਮੇਹਰਾਂ ਕਰਨ ਤੇ ਆਪ ਜੀ ਗੁਰਬਾਣੀ ਕੀਰਤਨ ਦੇ ਭੰਡਾਰੇ ਸਦਾ ਵੰਡਦੇ ਰਹੋ।

ਰਾਗਾਂ ਬਾਰੇ 'ਅੰਮ੍ਰਿਤ ਕੀਰਤਨ' ਵਿਚ ਆਪ ਜੀ ਦਾ ਲੇਖ ਸਿਰੀ ਰਾਗ ਤੇ ਰਾਗ ਮਾਝ ਬਾਰੇ ਕਾਫ਼ੀ ਸੂਝ ਤੇ ਜਾਣਕਾਰੀ ਭਰਪੂਰ ਹੈ।

'ਅੰਮ੍ਰਿਤ ਕੀਰਤਨ' ਦੇ ਮਾਰਚ ਅੰਕ ਵਿਚ 'ਰਬਾਬੀ ਪਰੰਪਰਾ ਦਾ ਆਖਰੀ ਥੰਮ' 'ਭਾਈ ਚਾਂਦ' ਪੜ੍ਹ ਕੇ ਇੰਜ ਮਹਿਸੂਸ ਹੋਣ ਲੱਗਾ ਕਿ ਵਾਸਤਵ ਵਿਚ ਆਪਣੇ ਵਿਰਸੇ ਦੀ ਕੋਈ ਬੜੀ ਹੀ ਅਣਮੋਲ ਵਸਤੂ ਖੋ ਬੈਠੇ ਹਾਂ। ਸ੍ਰ. ਬਲਬੀਰ ਸਿੰਘ ਜੀ ਕੰਵਲ ਨੇ ਬੜੇ ਹੀ ਸੋਹਣੇ ਸ਼ਬਦਾਂ ਵਿਚ ਭਾਈ ਸਾਹਿਬ ਦਾ ਚਿੱਤਰ ਖਿੱਚਿਆ ਹੈ। ਧੰਨ ਹਨ ਉਹ ਜਿਹਨਾਂ ਨੂੰ ਭਾਈ ਚਾਂਦ ਜੀ ਦੇ ਕੀਰਤਨ ਸਰਵਣ ਕਰਨ ਦਾ ਅਵਸਰ ਮਿਲਿਆ। ਮੈਨੂੰ ਵੀ ਉਨ੍ਹਾਂ ਦੇ ਮਨੋਹਰ ਕੀਰਤਨ ਸਰਵਣ ਕਰਨ ਦਾ ਮੌਕਾ ਮਿਲਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਭਾਈ ਸਾਹਿਬ ਜੀ ਸਾਡੇ ਸ਼ਹਿਰ ਗੁਜਰਾਂਵਾਲੇ ਗੁਰਪੁਰਬ ਦੇ ਅਵਸਰ ਤੇ ਆਏ। ਕੀਰਤਨ ਬਾਬਾ ਫਰੀਦ ਜੀ ਦੇ ਸਲੋਕ 'ਫਰੀਦਾ ਪੰਧ ਪਰਾਹੁਣੀ ਦੁਨੀ ਸੁਹਾਵਾ ਬਾਗ। ਆਪ ਜੀ ਨੇ ਨਉਬਤਿ ਵਜੀ ਸੁਬਹ ਸਿਉ ਚਲਣ ਕਾਕਰ ਸਾਜੁ।' ਆਪ ਜੀ ਨੇ ਇਕ ਘੰਟੇ ਤੋਂ ਉਤੇ ਕੀਰਤਨ ਕੀਤਾ ਤੇ ਇਸ ਸਲੋਕ ਦੇ ਪਰਮਾਣ ਸ਼ਬਦਾਂ ਦਵਾਰਾ ਦੇਂਦੇ ਰਹੇ। ਅਜ ਇੰਨੇ ਸਾਲ ਹੋ ਗਏ ਹਨ ਇਹ ਸਲੋਕ ਆਪ ਮੁਹਾਰੇ ਕਈ ਵਾਰ ਜ਼ੁਬਾਨ ਤੇ ਆਉਂਦਾ ਹੈ ਤੇ ਉਸ ਦੇ ਨਾਲ ਭਾਈ ਸਾਹਿਬ ਦਾ ਖਿੜਿਆ ਤੇ ਨਾਮ ਵਿਚ ਰੰਗਿਆ ਮੁਖ ਅੱਖਾਂ ਸਾਮ੍ਹਣੇ ਆ ਜਾਂਦਾ ਹੈ।

ਆਪ ਜੀ ਨੇ 'ਅੰਮ੍ਰਿਤ ਕੀਰਤਨ' ਦੁਆਰਾ ਭਾਈ ਸਾਹਿਬ ਜੀ ਦੀ ਯਾਦ ਤਾਜਾ ਕਰਾਈ ਹੈ। ਪਰਚੇ ਦੁਆਰਾ ਕੀਰਤਨੀਆਂ ਬਾਰੇ ਜਾਣਕਾਰੀ ਦੇਣ ਦਾ ਆਪ ਜੀ ਦਾ ਇਹ ਕਾਰਜ ਬੜਾ ਹੀ ਸ਼ਲਾਘਾ ਯੋਗ ਹੈ। ਸਾਡੀ ਨਵੀਂ ਪਨੀਰੀ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਉਹਨਾਂ ਨੂੰ ਸਾਡੇ ਗੁਰੂਆਂ ਦੀ ਦਿੱਤੀ ਕੀਰਤਨ ਦੀ ਦਾਤ ਬਾਰੇ ਪੂਰਾ ਗਿਆਨ ਹੋਵੇ ਕਿ ਗੁਰਬਾਣੀ ਕੀਰਤਨ ਦੀ ਕੀ ਪਰੰਪਰਾ ਹੈ ਇਸ ਵਿਚ ਰਾਗਾਂ ਦੀ ਮਹੱਤਤਾ ਕੀ ਹੈ।

ਮੈਂ ਅਨੁਭਵ ਕਰਦਾ ਹਾਂ ਕਿ ਜਦੋਂ ਤੋਂ 'ਅੰਮ੍ਰਿਤ ਕੀਰਤਨ' ਪੜ੍ਹਨਾ ਸ਼ੁਰੂ ਕੀਤਾ ਹੈ, ਕੀਰਤਨ ਦਾ ਬਹੁਤ ਆਨੰਦ ਆਉਂਦਾ ਹੈ।

ਈ. ਨਰਿੰਦਰ ਪਾਲ ਸਿੰਘ, ਨਵੀਂ ਦਿੱਲੀ

★ਪਤਾ ਲੱਗਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗੁਰਬਾਣੀ ਸੰਗੀਤ ਵਿਸ਼ੇ ਨੂੰ +2 ਤੱਕ ਲਾਗੂ ਕਰ ਦਿੱਤਾ ਗਿਆ ਹੈ। ਇਸ ਗੱਲ ਦੀ ਮੈਨੂੰ ਬੇਹੱਦ ਖੁਸ਼ੀ ਹੋਈ ਹੈ। ਇਸ ਗੱਲ ਦੀ ਸਿੱਖ ਕੌਮ ਨੂੰ ਬੜੀ ਵਧਾਈ ਹੈ। ਇਹ ਘਾਟ ਜੋ ਬੋਰਡ ਵਾਲਿਆਂ ਨੇ ਪੂਰੀ ਕੀਤੀ ਹੈ। ਇਹ ਕੌਮ ਲਈ ਬੜੀ ਵੱਡੀ ਘਾਟ ਸੀ। ਜਿੱਥੇ ਸਾਡੇ ਸਰੀਰ ਨੂੰ ਹਰੇਕ ਤੱਤ ਦੀ ਜ਼ਰੂਰਤ ਹੈ ਉਥੇ ਸਾਡੀ ਆਤਮਾ ਨੂੰ ਵੀ ਜ਼ਰੂਰਤ ਹੈ। ਜਿਹੜਾ ਆਤਮਕ ਪੱਖੋਂ ਕਮਜ਼ੋਰ ਹੈ, ਉਹ ਸਰੀਰਕ ਪੱਖੋਂ ਕਮਜ਼ੋਰ ਹੈ। ਜਿਥੇ ਸਾਡੇ ਸਰੀਰ ਨੂੰ ਚੰਗੀ ਖੁਰਾਕ ਦੀ ਲੋੜ ਹੈ ਉਥੇ ਆਤਮਾ ਨੂੰ ਵੀ ਯੋਗ ਖੁਰਾਕ ਦੀ ਜ਼ਰੂਰਤ ਹੈ। ਆਤਮਾ ਦੀ ਯੋਗ ਖੁਰਾਕ ਹੈ ਨਾਮ ਸਿਮਰਨ, ਸਤਿ ਸੰਗਤ ਤੇ ਸੰਗੀਤ।

ਸਾਡੇ ਦੇਸ਼ ਦਾ ਰਿਵਾਜ ਹੈ ਕਿ ਅਸੀਂ ਇਹ ਆਤਮਕ ਖੁਰਾਕ ਬੁਢਾਪੇ ਵਿਚ ਇਸਤੇਮਾਲ ਕਰਦੇ ਹਾਂ। ਬਚਪਨ ਤੋਂ ਜੁਆਨੀ ਤੱਕ ਇਸ ਖੁਰਾਕ ਤੋਂ ਮਹਿਰੂਮ ਰਹਿੰਦੇ ਹਾਂ। ਜਦੋਂ ਬਚਪਨ ਜੁਆਨੀ ਖੁਸ ਜਾਂਦੇ ਹਨ ਤਾਂ ਅਸੀਂ ਹਾਰੇ ਸਿਪਾਹੀ ਵਾਂਗ ਆਪਣੇ ਆਪ ਨੂੰ ਕੋਸਦੇ ਹਾਂ ਜਿਵੇਂ ਗੁਰਬਾਣੀ ਵਿਚ ਫੁਰਮਾਣ ਹੈ :

ਤਰਨਾਮੋ ਇਓ ਹੀ ਗਇਓ ਲੀਓ ਜਰਾ ਤਨੁ ਜੀਤ।

ਜਦੋਂ ਆਤਮਾ ਦੀ ਕਮਜ਼ੋਰ ਅਵਸਥਾ ਬਣ ਜਾਂਦੀ ਹੈ ਤਾਂ ਫਿਰ ਸਾਨੂੰ ਹੋਸ਼ ਆਉਂਦੀ ਹੈ। ਫਿਰ ਅਸੀਂ ਆਪਣੀ ਅਤਿ ਨਿਰਮਲ ਆਤਮਾ ਨੂੰ ਨਾਮ ਸਿਮਰਨ, ਸਤਿ ਸੰਗਤ ਤੇ ਸੰਗੀਤ ਦੀ ਦਿੰਦੇ ਹਾਂ। ਜਿਵੇਂ ਫਸਲ ਨੂੰ ਸਮੇਂ ਸਿਰ ਪਾਣੀ ਆਦਿ ਨਾ ਮਿਲ ਸਕੇ ਤਾਂ ਉਹ ਕੁਮਲਾ ਜਾਂਦੀ ਹੈ। ਇਸੇ ਤਰ੍ਹਾਂ ਨਿਰਬਲ ਅਵਸਥਾ ਵਿਚ ਆਤਮਕ ਖੁਰਾਕ ਦਾ ਯੋਗ ਅਸਰ ਨਹੀਂ ਹੁੰਦਾ।

ਅਸੀਂ ਅਮਰ ਸੰਗੀਤ ਵਿਦਿਆਲਾ ਵੱਲੋਂ ਸ. ਗੁਰਬਖਸ਼ ਸਿੰਘ ਸ਼ੇਰ ਗਿੱਲ ਅਤੇ ਸੰਬੰਧਤ ਵਿਅਕਤੀਆਂ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਇਹ ਸ਼ਲਾਘਾਯੋਗ ਤੇ ਵੱਡਮੁੱਲਾ ਕੰਮ ਕੀਤਾ ਹੈ।

ਪ੍ਰਿੰ. ਚੰਨਣ ਸਿੰਘ ਮਜ਼ਬੂਰ
ਅਮਰ ਸੰਗੀਤ ਵਿਦਿਆਲਾ
ਹੁਸ਼ਿਆਰ ਪੁਰ

★ਮੈਂ ਆਪ ਜੀ ਦਾ ਮਾਸਿਕ 'ਅੰਮ੍ਰਿਤ ਕੀਰਤਨ' ਕਈ ਮਹੀਨਿਆਂ ਤੋਂ ਪੜ੍ਹ ਰਿਹਾ ਹਾਂ ਆਪ ਜੀ ਦੀ ਇਕ ਐਸੀ ਕਿਤਾਬ ਕੱਢੀ ਹੈ ਕਿ ਜਿਸ ਨੂੰ ਪੜ੍ਹ ਕੇ ਬਹੁਤ ਖੁਸ਼ੀ ਹੁੰਦੀ ਹੈ। 7 ਤਰੀਕ ਤੋਂ ਬਾਅਦ ਰੋਜ਼ ਹੀ ਡਾਕੀਏ ਦੇ ਆਉਣ ਦਾ ਇੰਤਜ਼ਾਰ ਰਹਿੰਦਾ ਹੈ ਕਿ ਕਦੋਂ ਕਿਤਾਬ ਦੇ ਕੇ ਜਾਵੇ ਤੇ ਪੜ੍ਹੀਏ।

ਆਪ ਜੋ ਲਿਪੀ ਇਸ ਵਿਚ ਛਾਪਦੇ ਹੋ ਉਸ ਲਿਪੀ ਦੇ ਨਾਲ ਨਾਲ ਜਿਸ ਤਾਲ ਵਿਚ ਲਿਖੀ ਹੋਵੇ, ਉਸ ਤਾਲ ਦਾ ਠੇਕਾ ਜ਼ਰੂਰ ਛਾਪਿਆ ਕਰੋ।

ਸਤਨਾਮ ਸਿੰਘ, ਰਾਮਪੁਰ ਖਲਿਆਣ
ਕਪੂਰਥਲਾ

# ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ

—ਡਾ ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਇਸੇ ਤਰ੍ਹਾਂ 'ਆਦਿ ਗ੍ਰੰਥ' ਦੇ ਪੰਨਾ 354 ਤੋਂ ਲੈ ਕੇ ਪੰਨਾ 462 ਤੱਕ 31 ਤੋਂ ਵੀ ਵਧੀਕ ਵਾਰ 'ਆਸਾ' ਸ਼ਬਦ ਦਾ ਪ੍ਰਯੋਗ ਹੋਣਾ ਇਸ ਰਾਗ ਦੀ ਬਾਣੀ ਨੂੰ ਭਾਵ ਪੱਖੋਂ ਵਿਲੱਖਣ ਬਣਾਉਂਦਾ ਹੈ ਅਤੇ ਇਸ ਦਾ ਰਾਗ ਆਸਾ ਨਾਲ ਨੇੜਲਾ ਸੰਬੰਧ ਦਰਸਾਉਂਦਾ ਹੈ।

ਰਾਗ ਆਸਾ ਵਿਚ ਇਹ ਨਾਂ ਆਸ਼ਾਵਾਦੀ ਭਾਵਾਂ ਦੇ ਅਨੁਕੂਲ ਹੈ ਕਿਉਂਕਿ ਗੁਰਮਤਿ ਸੰਗੀਤ ਰਤਨ ਭੰਡਾਰ[1] ਅਨੁਸਾਰ ਇਸ ਰਾਗ ਵਿਚ ਰਿਸ਼ਭ ਵਾਦੀ ਹੈ ਅਤੇ ਭਾਰਤ ਦੇ ਸੰਗੀਤ ਸਿਧਾਂਤ ਅਨੁਸਾਰ[2] ਜਿਹਨਾਂ ਰਾਗਾਂ ਵਿਚ ਇਹ ਸੁਰ ਵਾਦੀ ਹੋਵੇ ਉਹ ਬੀਰ ਰਸੀ ਭਾਵਾਂ, ਜਿਹਨਾਂ ਦਾ ਸਥਾਈ ਭਾਵ ਉਤਸ਼ਾਹ ਹੈ, ਨੂੰ ਪ੍ਰਗਟ ਕਰਨ ਦੇ ਅਨੁਕੂਲ ਹੁੰਦੇ ਹਨ। ਇਸ ਲਈ ਉਤਸ਼ਾਹ ਦੇ ਭਾਵਾਂ ਨੂੰ ਵਧੇਰੇ ਮਾਤਰਾ ਵਿਚ ਇਸ ਰਾਗ ਰਾਹੀਂ ਪ੍ਰਗਟ ਕਰਨਾ ਕੋਈ ਅਚੇਤ ਕਾਰਜ ਜਾਂ ਅਢੁੱਕਵਾਂ ਨਹੀਂ।

ਇਸ ਰਾਗ ਵਿਚ ਕਿਤੇ ਸੰਜੋਗ ਸ਼ਿੰਗਾਰ ਕਰਨ ਨਾਲ ਸੰਬੰਧਤ ਭਾਵ ਵੀ ਪ੍ਰਗਟ ਹੋਏ ਹਨ :—

ਨਿਕਟ ਆਨਿ ਪ੍ਰਿਅ ਸੇਜ ਧਰੀ
ਕਾਨਿ ਕਢਨ ਤੇ ਛੁਟਿ ਪਰੀ।[3]

—0—

ਮੇਰੀ ਸੇਜੜੀਐ ਆਡੰਬਰੁ ਬਣਿਆ।
ਮਨਿ ਅਨਦੁ ਭਇਆ ਪ੍ਰਭੁ ਆਵਤੁ ਸੁਣਿਆ।[4]

ਆਚਾਰੀਆ ਬ੍ਰਿਹਸਪਤੀ ਭਾਰਤ ਦੇ ਸੰਗੀਤ ਸਿਧਾਂਤ ਬਾਰੇ ਲਿਖਦਿਆਂ ਦੱਸਦੇ ਹਨ ਕਿ ਜਿਹਨਾਂ ਰਾਗਾਂ ਵਿਚ ਮੱਧਮ ਸੁਰ ਵਾਦੀ ਹੁੰਦਾ ਹੈ ਉਹ ਰਾਗ ਸ਼ਿੰਗਾਰ ਰਸ ਨੂੰ ਪ੍ਰਗਟਾਉਣ ਦੇ ਯੋਗ ਹੁੰਦੇ ਹਨ।[5] ਆਸਾ ਰਾਗ ਵਿਚ ਕਿਉਂਕਿ ਮਧਮ ਸੁਰ ਵਾਦੀ ਹੈ ਇਸ ਲਈ ਇਸ ਰਾਗ ਰਾਹੀਂ ਸ਼ਿੰਗਾਰ ਰਸੀ ਭਾਵਾਂ ਦਾ ਪ੍ਰਗਟਾਉ ਕਰਨਾ ਬੇ-ਮੇਲ ਨਹੀਂ ਹੈ।

ਸਮੁੱਚੇ ਰੂਪ ਵਿਚ ਇਸ ਰਾਗ ਦੀ ਬਾਣੀ ਵਿਚ ਕਰੁਣਾ ਦਾ ਅਭਾਵ ਹੈ ਅਤੇ ਉਤਸ਼ਾਹ ਤੇ ਖ਼ੁਸ਼ੀ ਦਾ ਪ੍ਰਗਟਾਵਾ ਵਧੇਰੇ ਹੈ। ਇਸ ਲਈ ਇਹ ਰਾਗ ਇਹਨਾਂ ਭਾਵਾਂ ਨੂੰ ਪ੍ਰਗਟਾਉਣ ਵਿਚ ਵਧੇਰੇ ਸਫਲ ਹੈ। ਇਸ ਰਾਗ ਦੀ ਬਾਣੀ ਦੇ ਭਾਵ

ਅਤੇ ਰਾਗ ਬਾਰੇ ਡਾ. ਧਰਮਪਾਲ ਮੈਣੀ ਦੇ ਸ਼ਬਦ ਢੁਕਵੇਂ ਹਨ, . ਗੰਭੀਰ ਆਤਮ-ਚਿੰਤਨ ਜਿਸ ਵਿਵੇਕ ਨੂੰ ਜਾਗ੍ਰਿਤ ਕਰਦਾ ਹੈ, ਉਹ 'ਆਸਾ' ਲੈ ਕੇ ਅੱਗੇ ਵਧਦਾ ਹੈ ਅਤੇ ਇਹ ਰਾਗ ਉਸੇ ਆਸ਼ਾਵਾਦੀ ਦ੍ਰਿਸ਼ਟੀਕੋਣ ਦੀ ਪਛਾਣ ਵਿਚ ਹੀ ਆਪਣੇ ਨਾਮ ਦੀ ਸਾਰਥਕਤਾ ਛਿਪਾਈ ਬੈਠਾ ਹੈ ।[6]

ਰਾਗ ਗੁਜਰੀ :—ਰਾਗ ਗੁਜਰੀ ਦੀ ਬਾਣੀ ਵਿਚ ਪੂਜਾ ਦਾ ਵਾਤਾਵਰਣ ਬਣਿਆ ਰਹਿੰਦਾ ਹੈ । ਇਸ ਵਿਚ ਪੂਜਾ ਦੇ ਅੰਗ ਮੂਰਤੀ ਨਰਿਤ ਆਦਿ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ । ਪਰ ਇਸ ਕਰਮਕਾਂਡੀ ਪੂਜਾ ਨੂੰ ਆਤਮਿਕ ਪੂਜਾ ਦੇ ਡੂੰਘੇਰੇ ਅਰਥ ਪ੍ਰਦਾਨ ਕਰ ਕੇ ਵਰਨਣ ਕੀਤਾ ਗਿਆ ਹੈ :—

ਤੇਰਾ ਨਾਮੁ ਕਰੀ ਚਾਨਣਾਠੀਆ: ਜੇ ਮਨੁ ਉਰਸਾ ਹੋਇ ।
ਕਰਣੀ ਕੁੰਗੂ ਜੇ ਰਲੈ, ਘਟ ਅੰਤਰਿ ਪੂਜਾ ਹੋਇ ।।[7]

ਹਿੰਦੂ ਪੂਜਾ ਪਦਤੀ ਵਿਚ ਨਰਿਤ ਦਾ ਵਿਸ਼ੇਸ਼ ਸਥਾਨ ਰਿਹਾ ਹੈ । ਇਸ ਲਈ ਗੁਰੂ ਕਵੀਆਂ ਨੇ 'ਨਰਿਤ' ਬਾਰੇ ਆਪਣੇ ਵਿਚਾਰ ਵਿਲੱਖਣ ਰੂਪ ਵਿਚ ਪ੍ਰਗਟ ਕੀਤੇ ਹਨ :—

ਨਾਚ ਰੇ ਮਨ ਗੁਰ ਕੇ ਆਗੇ ।
ਗੁਰ ਕੇ ਭਾਣੇ ਨਾਚਹਿ ਤਾ ਸੁਖੁ ਪਾਵਹਿ ਅਤੇ ਜਮ ਭਉ ਭਾਗੈ ।[8]

ਇਸ ਰਾਗ ਦੀ ਬਾਣੀ ਵਿਚ ਗੁਰੂ ਕਵੀ ਆਪਣੇ ਆਪ ਨੂੰ ਸ਼ਰਧਾਲੂ ਅਤੇ ਪੁਜਾਰੀ ਦੇ ਰੂਪ ਵਿਚ ਪੇਸ਼ ਕਰਦਿਆਂ ਪਰਮਾਤਮਾ ਪ੍ਰਤੀ ਸ਼ਰਧਾ ਭਾਵ ਨੂੰ ਪ੍ਰਗਟਾਉਂਦੇ ਹਨ । ਇਥੇ ਗੰਭੀਰ ਸਿਧਾਂਤਕ ਵਿਚਾਰ ਦਾ ਪ੍ਰਗਟਾਵਾ ਨਹੀਂ ਹੋਇਆ ਅਤੇ ਨਾ ਹੀ ਪ੍ਰੇਮੀ-ਪ੍ਰੇਮਿਕਾ ਪਤੀ-ਪਤਨੀ ਆਦਿ ਰਿਸ਼ਤਿਆਂ ਦੇ ਬਿੰਬਾਂ ਦਾ ਸਹਾਰਾ ਲਿਆ ਗਿਆ ਹੈ ।

ਇਹਨਾਂ ਭਾਵਾਂ ਦਾ ਪ੍ਰਗਟਾਵਾ ਗੁਜਰੀ ਰਾਗ ਵਿਚ ਉਚਿਤ ਰੂਪ ਵਿਚ ਹੋ ਸਕਦਾ ਹੈ । ਡਾ. ਤਾਰਨ ਸਿੰਘ ਇਸ ਰਾਗ ਨੂੰ ਕ੍ਰਿਸ਼ਨ ਪੂਜਾ ਦਾ ਰਾਗ ਦਸਦੇ ਹਨ ।[9]

ਇਸ ਰਾਗ ਦਾ ਨਾਮ 'ਗੁਜਰੀ' ਵੀ ਗੋਪੀਆਂ ਅਤੇ ਕ੍ਰਿਸ਼ਨ ਦੇ ਰਿਸ਼ਤੇ ਵੱਲ ਸੰਕੇਤ ਕਰਦਾ ਹੈ ।

ਇਸ ਰਾਗ ਦੇ ਬਹੁਤੇ ਸ਼ਬਦਾਂ ਵਿਚ ਬੇਨਤੀ ਅਤੇ ਉਪਦੇਸ਼ ਦੇ ਰੂਪ ਵਿਚ ਸੰਵਾਦ ਚਲਦਾ ਹੈ :—

ਮੇਰੇ ਠਾਕੁਰ ਰਖਿ ਲੇਵਹੁ ਕਿਰਪਾਧਾਰ ।[10]
ਗੋਵਿੰਦ ਤੁਝ ਬਿਨੁ ਅਵਰ ਨ ਠਾਉ ।[11]

ਉਪਦੇਸ਼ ਮਈ ਸ਼ਬਦਾਂ ਵਿਚ ਭਾਈ[12], ਬੀਰ[13], ਮਾਈ[14], ਪੂਤਾ[15], ਸਾਜਨ[16] ਆਦਿ ਸੰਬੋਧਨ ਪ੍ਰਯੋਗ ਕੀਤੇ ਗਏ ਹਨ । ਕਈ ਥਾਵਾਂ ਤੇ ਇਸ ਰਾਗ ਵਿਚ ਉਤਸ਼ਾਹ ਭਰਪੂਰ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ :—

ਉਦਮ ਕਰੇਂਦਿਆ ਜੀਉ ਤੂ ਕਮਾਵਦਿਆ ਸੁਖ ਭੁੰਚੁ ।
ਧਿਆਇਦਿਆ ਤੂ ਪ੍ਰਭੂ ਮਿਲੁ ਨਾਨਕ ਉਤਰੀ ਚਿਤ ।[17]

ਮਾਇਆ ਹੋਈ ਨਾਗਨੀ ਜਗਤ ਰਹੀ ਲਪਟਾਇ ।
ਗੁਰਮੁਖ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਮਾਇ ॥੧॥

ਇਸ ਰਾਗ ਵਿਚ ਭਾਵੇਂ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਜੋ ਕਰੁਣ ਅਤੇ ਸ਼ਾਂਤ ਭਾਵਾਂ ਨੂੰ ਅਨੁਕੂਲ ਹੁੰਦੇ ਹਨ, ਦਾ ਪ੍ਰਯੋਗ ਹੁੰਦਾ ਹੈ ਪਰ ਤੀਬਰ ਮਧਮ ਅਤੇ ਕੋਮਲ ਗੰਧਾਰ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਕਮਜ਼ੋਰ ਕਰ ਦਿੰਦੇ ਹਨ ਅਤੇ ਇਹ ਰਾਗ ਉਤਸ਼ਾਹ ਅਤੇ ਹੋਰ ਲਲਿਤ ਭਾਵ ਪ੍ਰਗਟਾਉਣ ਦੇ ਯੋਗ ਹੋ ਜਾਂਦਾ ਹੈ ।

ਕਈ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਵਾਦੀ ਸੁਰ ਧੈਵਤ ਦੱਸਿਆ ਗਿਆ ਹੈ। ਪਰ ਕਈ ਸੰਗੀਤ ਗ੍ਰੰਥ 'ਪੰਚਮ' ਨੂੰ ਇਸ ਦਾ ਵਾਦੀ ਸੁਰ ਮੰਨਦੇ ਹਨ। ਇਸ ਲਈ ਇਸ ਰਾਗ ਰਾਹੀਂ ਕਿਸੇ ਖਾਸ ਭਾਵ ਨੂੰ ਹੀ ਸੰਬੰਧਿਤ ਨਹੀਂ ਕੀਤਾ ਜਾ ਸਕਦਾ । ਗੁਰੂ ਕਵੀਆਂ ਨੇ ਇਸ ਰਾਗ ਰਾਹੀਂ ਜਿਹੜੇ ਭਾਵ ਪ੍ਰਗਟਾਏ ਹਨ ਉਹਨਾਂ ਕਰਕੇ ਇਸ ਰਾਗ ਦੀ ਬਾਣੀ ਦੇ ਭਾਵ ਅਤੇ ਰਾਗ ਦਾ ਸੰਬੰਧ ਵਿਲੱਖਣ ਰੂਪ ਧਾਰਨ ਕਰ ਲੈਂਦਾ ਹੈ ।

—0—

---

ਫੁਟ ਨੋਟ ਤੇ ਹਵਾਲੇ :—

1. ਪ੍ਰੇਮ ਸਿੰਘ, ਗੁਰਮਤਿ ਸੰਗੀਤ ਰਤਨ ਭੰਡਾਰ, ਪੰਨਾ 34
2. ਬ੍ਰਿਹਸਪਤੀ, ਭਾਰਤ ਕਾ ਸੰਗੀਤ ਸਿਧਾਂਤ, ਪੰਨਾ 270
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 384
4. ਉਹੀ ਪੰਨਾ 459
5. ਭਾਰਤ ਕਾ ਸੰਗੀਤ ਸਿਧਾਂਤ, ਪੰਨਾ 271
6. ਡਾ. ਧਰਮਪਾਲ ਮੈਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪ੍ਰੀਚੈ ਪੰਨਾ 61
7. ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 489
8. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 506
9. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 75
10. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 495
11. ਉਹੀ— 502
12. ਉਹੀ— 492
13. ਗੁਰੂ ਰਾਮਦਾਸ ਜੀ ਆਦਿ ਗ੍ਰੰਥ, ਪੰਨਾ 494
14. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 495
15. ਉਹੀ— ਪੰਨਾ 496
16. ਉਹੀ— ਪੰਨਾ 499
17. ਉਹੀ— ਪੰਨਾ 522
18. ਗੁਰੂ ਅਮਰਦਾਸ ਜੀ, ਆਦਿ ਗ੍ਰੰਥ ਪੰਨਾ 510

# ਬੰਗਾਲੀ ਗਾਇਕ ਅਤੇ ਗੁਰਬਾਣੀ ਕੀਰਤਨ

ਬਚਨ ਸਿੰਘ ਸਰਲ

ਕਲਕੱਤਾ ਦੇ ਸਥਾਨਕ ਬੰਗਾਲੀ ਗਾਇਕਾਂ ਅੰਦਰ ਗੁਰਬਾਣੀ ਦੇ ਕੀਰਤਨ ਪ੍ਰਤੀ ਸ਼ਰਧਾ ਤੇ ਰੁਚੀ ਦਿਨੋ-ਦਿਨ ਵਧ ਰਹੀ ਹੈ। ਬੰਗਾਲੀ ਨੌਜਵਾਨ-ਮੁਟਿਆਰਾਂ ਸ਼ਬਦ-ਕੀਰਤਨ ਤੋਂ ਪ੍ਰਭਾਵਿਤ ਹੋ ਚੁੱਕੀਆਂ ਹਨ ਤੇ ਉਨ੍ਹਾਂ ਨੇ ਆਪਣੇ ਛੋਟੇ ਛੋਟੇ ਕੀਰਤਨੀ ਜਥੇ ਬਣਾ ਲਏ ਹਨ ਤੇ ਇਹ ਜਥੇ ਸਥਾਨਕ ਗੁਰਦੁਆਰਿਆਂ ਦੀਆਂ ਸਟੇਜਾਂ ਤੇ ਸਫਲਤਾ ਸਹਿਤ ਕੀਰਤਨ ਕਰਦੇ ਹਨ।

ਇਹਨਾਂ ਗਾਇਕਾਂ ਵਿਚੋਂ ਹੀ ਹੈ ਇਕ ਗਾਇਕ ਗੌਤਮ ਰਾਏ ਚੌਧਰੀ। ਗੌਤਮ, ਇਤਿਹਾਸਕ ਗੁਰਦੁਆਰਾ ਬੜਾ ਸਿਖ ਸੰਗਤ ਵਿਖੇ ਭਾਈ ਰਣਜੀਤ ਸਿੰਘ ਦੇ ਜਥੇ ਦੇ ਨਾਲ ਤਬਲਾ ਵਜਾਇਆ ਕਰਦਾ ਸੀ। ਹੌਲੀ ਹੌਲੀ ਉਸ ਦੀ ਰੁਚੀ ਸ਼ਬਦ ਕੀਰਤਨ ਵੱਲ ਹੋਣ ਲੱਗੀ ਤੇ ਜਿਸ ਦਿਨ ਕਿਤੇ ਭਾਈ ਰਣਜੀਤ ਸਿੰਘ ਗੈਰ ਹਾਜ਼ਰ ਹੋ ਜਾਂਦੇ ਤਾਂ ਗੌਤਮ ਖ਼ੁਦ ਵਾਜੇ ਤੇ ਕੀਰਤਨ ਦੀ ਡਿਊਟੀ ਨਿਭਾਉਂਦਾ। ਹੌਲੀ ਹੌਲੀ ਇਸ ਨੇ ਆਪਣੀ ਪਤਨੀ ਕਾਕੁਲੀ ਰਾਏ ਚੌਧਰੀ ਨੂੰ ਵੀ ਕੀਰਤਨ ਸਿਖਾਉਣਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਆਪਣੇ ਭਰਾ ਪੁਲਾਏ ਰਾਏ ਚੌਧਰੀ ਨੂੰ ਵੀ ਜੋੜ ਲਿਆ। ਇਸ ਵੇਲੇ ਗੌਤਮ ਦਾ ਜਥਾ ਕਲਕੱਤਾ 'ਚ ਹੀ ਨਹੀਂ ਬਲਕਿ ਲਾਗ ਪਾਸ ਦੇ ਇਲਾਕਿਆਂ ਵਿਚ ਵੀ ਕਾਫੀ ਪ੍ਰਸਿੱਧ ਹੋ ਚੁਕਿਆ ਹੈ ਤੇ ਕਈ ਥਾਵਾਂ ਤੇ ਗੁਰਪੁਰਬ ਦੇ ਦੀਵਾਨਾਂ ਵਿਚ ਪਹੁੰਚ ਕੇ ਇਸ ਨੇ ਕੀਰਤਨ ਕੀਤਾ ਹੈ। ਗੌਤਮ ਨੇ ਦਸਿਆ ਕਿ ਉਹ ਸ਼ਬਦਾਂ ਨੂੰ ਬੰਗਾਲੀ ਵਿਚ ਸਿਖ ਲੈਂਦਾ ਹੈ ਤੇ ਸ਼ਬਦਾਂ ਦਾ ਉਚਾਰਨ ਸਹੀ ਹੋਵੇ, ਇਸ ਲਈ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਨਾਲ ਨਾਲ ਉਨ੍ਹਾਂ ਦੇ ਭਾਵ ਅਰਥਾਂ ਨੂੰ ਸਮਝਣ ਲਈ ਯਤਨ ਕਰਦਾ ਹੈ। ਪਿਛਲੇ ਚਾਰ-ਪੰਜ ਸਾਲਾਂ ਤੋਂ ਸ਼ਬਦ ਕੀਰਤਨ ਦੀ ਸੇਵਾ ਨਿਭਾ ਰਹੇ ਗੌਤਮ ਰਾਏ ਚੌਧਰੀ ਦਾ ਜਥਾ ਇਸ ਵੇਲੇ ਹਰ ਐਤਵਾਰ ਨੂੰ ਗੁਰਦੁਆਰਾ ਸੰਤ ਕੁਟੀਆ ਤੇ ਗੁਰਦੁਆਰਾ ਬੜਾ ਸਿਖ ਸੰਗਤ ਦੇ ਦੀਵਾਨਾਂ 'ਚ ਕੀਰਤਨ ਕਰਦਾ ਹੈ ਤੇ ਨਾਲ ਹੀ ਘਰਾਂ 'ਚ ਕੀਰਤਨ ਸਿਖਾਉਣ ਲਈ ਟਿਊਸ਼ਨ ਵੀ ਕਰਦਾ ਹੈ। ਗੌਤਮ ਰਾਏ ਚੌਧਰੀ ਦਾ ਠਿਕਾਣਾ ਹੈ।

ਗੌਤਮ ਰਾਏ ਚੌਧਰੀ, 165/1/2 ਪਿਕਨਿਕ ਗਾਰਡਨ ਰੋਡ, ਕਲਕੱਤਾ-39

# ਸਪਤਕ

ਸਪਤਕ : ਚੱਲ ਅਤੇ ਅਚੱਲ ਸੁਰਾਂ ਦੇ ਗਾਉਣ ਤੇ ਵਜਾਉਣ ਦੇ ਅੰਤਰ ਨਾਲ 12 ਸੁਰ ਬਣ ਜਾਂਦੇ ਹਨ। ਪਰ ਨਾਂਵਾਂ ਦੇ ਆਧਾਰ ਤੇ ਸੱਤ ਸੁਰਾਂ ਦੇ ਸਮੂਹ ਨੂੰ ਹੀ ਸਪਤਕ ਕਿਹਾ ਜਾਂਦਾ ਹੈ।

**ਸਪਤਕ** ਦੀਆਂ ਕਿਸਮਾਂ :-ਆਵਾਜ਼ ਜਾਂ ਧੁਨੀ ਕਈ ਤਰ੍ਹਾਂ ਦੀ ਹੁੰਦੀ ਹੈ। ਕੋਈ ਆਵਾਜ਼ ਭਾਰੀ ਅਤੇ ਮੋਟੀ ਹੁੰਦੀ ਹੈ ਤੇ ਕੋਈ ਬਹੁਤ ਪਤਲੀ ਅਤੇ ਬਰੀਕ ਹੁੰਦੀ ਹੈ। ਧੁਨੀ ਦੇ ਇਸ ਅੰਤਰ ਨੂੰ ਦੇਖਦੇ ਹੋਏ ਹੇਠ ਲਿਖੇ ਮੁੱਖ ਤਿੰਨ ਸਪਤਕ ਮੰਨੇ ਜਾਂਦੇ ਹਨ :

1) ਮੰਦਰ ਸਪਤਕ 2) ਮੱਧ ਸਪਤਕ 3) ਤਾਰ ਸਪਤਕ

ਮੰਦਰ ਸਪਤਕ : ਇਸ ਸਪਤਕ ਦੇ ਸੁਰਾਂ ਦੀ ਆਵਾਜ਼ ਮੱਧ ਸਪਤਕ ਤੋਂ ਦੁਗਣੀ ਨੀਵੀਂ ਹੁੰਦੀ ਹੈ। ਸੁਰ ਲਿੱਪੀ ਵਿਚ ਇਹਨਾਂ ਸੁਰਾਂ ਥੱਲੇ ਬਿੰਦੀ ਚਿੰਨ੍ਹ ਪਾਇਆ ਜਾਂਦਾ ਹੈ। ਜਿਵੇਂ ਸ਼ਾ ਰੇ਼ ਗਾ਼।

ਮੱਧ ਸਪਤਕ : -ਇਸ ਸਪਤਕ ਦੇ ਸੁਰਾਂ ਦੀ ਆਵਾਜ਼ ਨਾ ਬਹੁਤੀ ਨੀਵੀਂ ਅਤੇ ਨਾ ਬਹੁਤੀ ਉੱਚੀ ਹੁੰਦੀ ਹੈ। ਇਹ ਮੰਦਰ ਸਪਤਕ ਤੋਂ ਦੁਗਣੀ ਉੱਚੀ ਅਤੇ ਤਾਰ ਸਪਤਕ ਤੋਂ ਦੁਗਣੀ ਨੀਵੀਂ ਹੁੰਦੀ ਹੈ। ਸੁਰ ਲਿੱਪੀ ਵਿਚ ਇਹਨਾਂ ਸੁਰਾਂ ਥੱਲੇ ਕੋਈ ਚਿੰਨ੍ਹ ਨਹੀਂ ਪਾਇਆ ਜਾਂਦਾ, ਕੇਵਲ ਸੁਰਾਂ ਦੇ ਨਾਂ ਹੀ ਲਿਖ ਦਿੱਤੇ ਜਾਂਦੇ ਹਨ। ਜਿਵੇਂ ਸਾ ਰੇ ਗਾ ਮਾ ਪਾ।

ਤਾਰ ਸਪਤਕ :—ਇਸ ਸਪਤਕ ਦੇ ਸੁਰਾਂ ਦੀ ਆਵਾਜ਼ ਮੱਧ ਸਪਤਕ ਨਾਲੋਂ ਦੁਗਣੀ ਉੱਚੀ ਹੁੰਦੀ ਹੈ। ਇਹ ਆਵਾਜ਼ ਬਰੀਕ ਅਤੇ ਤਿੱਖੀ ਹੁੰਦੀ ਹੈ। ਸੁਰ ਲਿੱਪੀ ਵਿਚ ਇਸ ਦੇ ਸੁਰਾਂ ਉੱਪਰ ਬਿੰਦੀ ਲਾਈ ਜਾਂਦੀ ਹੈ ਜਿਵੇਂ : ਸਾਂ ਰੇਂ, ਗਾਂ, ਮਾਂ।

## ਨਾਦ ਤੋਂ ਸਪਤਕ ਦਾ ਵਰਗੀਕਰਨ



# ਮਾਸਟਰ ਨਿਹਾਲ ਸਿੰਘ ਜੀ*

"ਆਪਿ ਜਪਹੁ ਅਵਰਹੁ ਨਾਮ ਜਪਾਵਹੁ ।"

ਧੰਨ ਹਨ ਉਹ ਗੁਰਸਿੱਖ ਜਿਨ੍ਹਾਂ ਨੇ 'ਕੀਰਤਨ ਨਿਰਮੋਲਕ ਹੀਰਾ' ਦੀ ਪਹਿਲਾਂ ਆਪ ਦਾਤ ਪ੍ਰਾਪਤ ਕੀਤੀ, ਤੇ ਫਿਰ ਗੁਰਸਿੱਖਾਂ ਵਿਚ ਖੁੱਲ੍ਹੇ ਦਿਲ ਨਾਲ ਵੰਡੀ । ਐਸੇ ਵਡਭਾਗੇ ਗੁਰਸਿਖ ਜੋ ਹੈਨ ਸੋ ਵਿਰਲੇ ਹਨ 'ਨਾਹੀ ਘਣੇ' ਜਿਨ੍ਹਾਂ ਨੂੰ ਕਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਗੁਰਮਤਿ ਸੰਗੀਤ ਦੀ ਦਾਤ ਪ੍ਰਾਪਤ ਹੋਈ ਹੋਵੇ ।

ਜਦੋਂ ਭਾਈ ਸੱਤੇ ਤੇ ਬਲਵੰਡ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਹਜ਼ੂਰੀ ਵਿਚ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਉਸ ਸਮੇਂ ਤੋਂ ਗੁਰੂ ਜੀ ਨੇ ਇਸ ਕੀਰਤਨ ਦੀ ਅਮੋਲਕ ਦਾਤ ਆਪ ਗੁਰਸਿੱਖਾਂ ਨੂੰ ਬਖਸ਼ਿਸ਼ ਦਿੱਤੀ । ਉਹਨਾਂ ਵਡਭਾਗੇ ਗੁਰਸਿੱਖਾਂ ਵਿਚ ਅਜ ਦੇ ਸਮੇਂ ਵਿਚ ਇਕ ਮਾਸਟਰ ਨਿਹਾਲ ਸਿੰਘ ਜੀ ਵੀ ਹੋਏ ਹਨ । ਆਪ ਇੰਚਾਰਜ਼ ਗੁਰਮਤਿ ਸੰਗੀਤ ਕਲਾਸਾਂ ਚੀ. ਖਾ. ਦੀ. ਬੰਬਈ ਨੇ 25-30 ਸਾਲ ਤੋਂ ਵੱਧ ਗੁਰਮਤਿ ਸੰਗੀਤ ਦੀ ਸਿਖਲਾਈ ਦੀ ਬੇਅੰਤ ਸੇਵਾ ਕੀਤੀ ਹੈ ।

ਮਾਸਟਰ ਨਿਹਾਲ ਸਿੰਘ ਜੀ ਨਾਲ ਮੇਰਾ ਮੇਲ 1974 ਵਿਚ ਹੋਇਆ । ਖਾਲਸਾ ਸਮਾਚਾਰ ਦੇ 1973 ਦੇ ਕਿਸੇ ਪਰਚੇ ਵਿਚ ਇਹ ਖਬਰ ਛਪੀ ਕਿ ਜੇ ਕਿਸੇ ਸ਼ਹਿਰ ਵਿਚ ਬੱਚਿਆਂ ਨੂੰ ਗੁਰਮਤਿ ਸੰਗੀਤ ਸਿਖਲਾਈ ਕਰਵਾਣੀ ਹੋਵੇ ਤਾਂ ਇਸ ਸੇਵਾ ਲਈ ਮਾਸਟਰ ਜੀ ਨਾਲ ਲਿਖਾਪੜ੍ਹੀ ਕਰਨ । ਪਹਿਲਾਂ ਤਾਂ ਮੈਂ ਇਹ ਖਬਰ ਪੜ੍ਹ ਕੇ ਬੜਾ ਸੰਕੋਚ ਕੀਤਾ ਕਿ ਮਾਸਟਰ ਜੀ ਦਾ ਬੰਬਈ ਤੋਂ ਹੁਸ਼ਿਆਰਪੁਰ ਦਾ ਸਫ਼ਰ ਖਰਚ ਤੇ ਸਿਖਲਾਈ ਲਈ ਜੋ ਸੇਵਾ ਹੋਵੇਗੀ, ਉਹ ਹੁਸ਼ਿਆਰਪੁਰ ਨਿਵਾਸੀ (ਛੋਟਾ ਜਿਹਾ ਸ਼ਹਿਰ ਹੋਣ ਕਰਕੇ) ਲਈ ਨਿਭਾ ਸਕਣਾ ਕਠਨ ਹੋਵੇਗਾ । ਮੇਰੇ ਸਤਿਕਾਰ ਯੋਗ ਮਿੱਤਰ ਗੁਰਪੁਰ ਵਾਸੀ ਸ. ਜੈਮਲ ਸਿੰਘ ਜੀ ਆਹੂਜਾ ਨੇ ਉਤਸ਼ਾਹ ਦਿੱਤਾ ਕਿ ਇਸ ਬਾਰੇ ਸਾਰਾ ਪਤਾ ਕਰੋ ਕਿ ਕਿੰਨਾ ਕੁ ਖਰਚ ਤੇ ਸੇਵਾ ਕਰਨੀ ਪਵੇਗੀ । ਮਾਸਟਰ ਜੀ ਦਾ ਜੋ ਉਤਰ ਆਇਆ ਉਸ ਤੋਂ ਪ੍ਰਤੀਤ ਹੋਇਆ ਕਿ ਮਾਸਟਰ ਜੀ ਇਕ ਬੜੇ ਮਹਾਨ, ਨਿਸ਼ਕਾਮ, ਨਿਰਮਾਣ ਗੁਰੂ ਘਰ ਦੇ ਸ਼ਰਧਾਲੂ ਸਿਖ ਹਨ । ਆਪ ਨੇ ਆਪਣੀ ਚਿੱਠੀ ਵਿਚ ਹੇਠ ਲਿਖੀਆਂ ਗੱਲਾਂ/ਸ਼ਰਤਾਂ ਲਿਖੀਆਂ ।

1. ਗੁਰਮਤਿ ਸੰਗੀਤ ਸਿਖਲਾਈ ਦੀ ਸੇਵਾ ਦਾ ਮੈਨੂੰ ਦਿਲੋਂ ਬੜਾ ਚਾਅ ਹੈ ।
2. ਮੈਂ ਕਿਸੇ ਪ੍ਰਕਾਰ ਦਾ ਰੇਲਵੇ ਜਾਂ ਹੋਰ ਸਫਰ ਖਰਚ ਨਹੀਂ ਲੈਂਦਾ ।
3. ਮੈਂ ਸਿਖਲਾਈ ਦੀ ਕੋਈ ਭੇਟਾ ਨਹੀਂ ਲੈਂਦਾ । ਗੁਰੂ ਜੀ ਦੀ ਨਿਰੋਲ ਸੇਵਾ ਸਮਝ ਕੇ ਇਹ ਸੇਵਾ ਕਰਨ ਦਾ ਮੈਨੂੰ ਬੜਾ ਚਾਅ ਹੈ ।

★ (ਇੰਚਾਰਜ ਗੁਰਮਤਿ ਸੰਗੀਤ ਕਲਾਸਾਂ, ਚੀਫ ਖ਼ਾਲਸਾ ਦੀਵਾਨ ਬੰਬਈ ਬ੍ਰਾਂਚ)

4. ਮੇਰੀ ਰਿਹਾਇਸ਼ ਕਿਸੇ ਗੁਰਦੁਆਰੇ ਵਿਚ ਰੱਖਣੀ, ਕਿਸੇ ਗੁਰਸਿਖ ਦੇ ਘਰ ਗੁਰਸਿੱਖੀ ਦੇ ਨਾਤੇ ਹਿੱਤ ਦੋ ਢਾਈ ਮਹੀਨੇ ਠਹਿਰਾਂਗਾ ਅਤੇ ਮੇਰੀ ਸਿੰਘਣੀ ਵੀ ਮੈਰੇ ਨਾਲ ਹੋਵੇਗੀ ।

5. ਸਾਡੇ ਪ੍ਰਸ਼ਾਦ ਪਾਣੀ ਦਾ ਕੋਈ ਆਡੰਬਰ ਨਹੀਂ ਕਰਨਾ । ਇਸ ਤੋਂ ਇਲਾਵਾ ਉਹਨਾਂ ਨੇ ਇਕ ਸੁਰ ਦੇ ਹਰਮੋਨੀਅਮ ਵਾਜਿਆਂ ਦਾ ਪ੍ਰਬੰਧ ਕਰਨ ਲਈ ਵੀ ਹਿਦਾਇਤ ਕੀਤੀ ।

ਇਹ ਚਿੱਠੀ ਪੜ੍ਹ ਕੇ ਮੇਰੇ ਸੁਹਿਰਦ ਮਿੱਤਰ ਸ: ਜੈਮਲ ਸਿੰਘ ਅਹੂਜਾ ਨੇ ਆਪਣੇ ਗ੍ਰਹਿ ਵਿਖੇ ਰਿਹਾਇਸ਼, ਪ੍ਰਸ਼ਾਦ ਪਾਣੀ ਤੇ ਵਾਜਿਆਂ ਦੇ ਖਰੀਦਣ ਦਾ ਸਾਰਾ ਪ੍ਰਬੰਧ ਆਪਣੇ ਜ਼ਿੰਮੇ ਲਿਆ । ਕਲਾਸ ਵਿਚ ਵਿਦਿਆਰਥੀਆਂ ਦੀ ਰੌਣਕ ਵਧਾਉਣ ਲਈ ਆਪਣੇ ਬੱਚੇ, ਧੀਆਂ, ਨੂੰਹਾਂ ਨੂੰ ਹੁਕਮ ਕੀਤਾ ਕਿ ਉਹ ਸਭ ਤੋਂ ਪਹਿਲਾਂ ਕੀਰਤਨ ਸਿੱਖਣ, ਜਿਸ ਨਾਲ ਕਲਾਸ ਵਿਚ 50 ਦੇ ਕਰੀਬ ਵਿਦਿਆਰਥੀ ਸ਼ਾਮਿਲ ਹੋਏ ।

ਮਾਸਟਰ ਜੀ ਇਕ ਨਿਰੇ ਨਿਰਮਾਣ ਤੇ ਨਿਸ਼ਕਾਮ ਸੇਵਕ ਹੀ ਨਹੀਂ ਸਨ ਬਲਕਿ ਆਪ ਬੜੇ ਅਣਥੱਕ ਵੀ ਸਨ । ਆਪ ਜੀ ਦੀ ਉਸ ਸਮੇਂ 75 ਸਾਲ ਦੇ ਕਰੀਬ ਅਵਸਥਾ ਸੀ ਅਤੇ ਇਸ ਅਵਸਥਾ ਵਿਚ ਵੀ ਆਪ ਨੇ ਬੰਬਈ ਤੋਂ ਇਲਾਵਾ ਪੰਜਾਬ ਤੇ ਹੋਰ ਪ੍ਰਦੇਸ਼ਾਂ ਪ੍ਰਾਂਤਾਂ ਵਿਚ ਵੀ ਜਾ ਕੇ ਇਹ ਸੇਵਾ ਆਪ ਕੀਤੀ । ਮੈਨੂੰ ਇਹ ਵੀ ਪਤਾ ਲੱਗਾ ਕਿ ਆਪ ਨੇ ਭਾਰਤ ਤੋਂ ਬਾਹਰ ਜਾ ਕੇ ਵੀ ਇਹ ਸੇਵਾ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

ਇਕ ਦਿਨ ਮੈਂ ਮਾਸਟਰ ਜੀ ਨੂੰ ਪੁੱਛਿਆ ਕਿ ਗੁਰਮਤਿ ਸਿਖਲਾਈ ਦਾ ਫੁਰਨਾ ਆਪ ਨੂੰ ਕਿਸ ਤਰ੍ਹਾਂ ਹੋਇਆ ? ਤਾਂ ਉਹਨਾਂ ਨੇ ਦੱਸਿਆ ਕਿ ਬੰਬਈ ਵਿਚ ਭਾਈ ਚੇਲਾ ਰਾਮ ਜੀ ਸਿੰਧੀ ਆਪਣੇ ਪਰਿਵਾਰ ਸਹਿਤ ਗੁਰਦੁਆਰਿਆਂ ਵਿਰ ਕੀਰਤਨ ਕਰਦੇ ਸਨ । ਅਤੇ ਸਿੰਧੀ ਗੁਰਸੱਖਿ ਪਰਿਵਾਰਾਂ ਦੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਵਿਚਾਰ ਤੇ ਕੀਰਤਨ ਬੜੇ ਉਤਸ਼ਾਹ ਨਾਲ ਸਿਖਾਤੇਂਦੇ ਹਨ । ਉਹਨਾ ਦੀ ਇਹ ਸੇਵਾ ਵੇਖ ਕੇ ਮੇਰੇ (ਮਾਸਟਰ ਜੀ ਦੇ) ਮਨ ਵਿਚ ਗੁਰੂ ਜੀ ਨੇ ਪ੍ਰੇਰਨਾ ਤੇ ਉਤਸ਼ਾਹ ਪਾਇਆ । ਮੈਨੂੰ ਵੀ ਉਹਨਾ ਤੋਂ ਇਹੀ ਪ੍ਰੇਰਨਾ ਮਿਲੀ ਕਿ ਅਸੀਂ ਵੀ ਆਪਣੇ ਗੁਰਸਿਖ ਪਰਿਵਾਰਾਂ ਵਿਚ ਇਸ ਕਿਸਮ ਦੀ ਸੇਵਾ ਚਾਲੂ ਕਰੀਏ ।

ਮਾਸਟਰ ਜੀ ਨੇ ਸਭ ਤੋਂ ਪਹਿਲਾਂ ਗੁਰਮਤਿ ਸੰਗੀਤ ਦੀਆਂ ਕਲਾਸਾਂ ਚੀਫ ਖਾਲਸਾ ਦੀਵਾਨ ਬੰਬਈ ਬ੍ਰਾਂਚ ਰਾਹੀਂ ਚਾਲੂ ਕੀਤੀਆਂ । ਉਹ ਦੱਸਦੇ ਸਨ ਕਿ ਇਹ ਕਲਾਸਾਂ ਚਾਲੂ ਕਰਨ ਨਾਲ ਸੰਗਤਾਂ ਵਿਚ ਏਨਾਂ ਉਤਸ਼ਾਹ ਹੋਇਆ ਕਿ ਬੰਬਈ ਵਿਚ ਗੁਰਮਤਿ ਕਲਾਸਾਂ ਦੇ 16 ਸੈਂਟਰ ਖੋਲ੍ਹੇ ਗਏ । ਸੰਗਤਾਂ ਵੱਲੋਂ ਜਿਹੜਾ ਵਿਦਿਅਰਥੀ 'ਕੀਰਤਨ' ਤੇ ਆਸਾ ਦੀ ਵਾਰ' ਦੇ ਛੰ ਛੰਦ ਦੇ ਕੀਰਤਨ ਸਿਖਦਾ ਉਸ ਨੂੰ ਇਕ ਹਰਮੋਨੀਅਮ ਵਾਜਾ ਵੀ ਭੇਟਾ ਕੀਤਾ ਜਾਂਦਾ ਰਿਹਾ ।

## ਪੰਜਾਬ ਦੀ ਫੇਰੀ

1. **1** ਅਪਰੈਲ, 1974 ਤੋਂ 3 ਜੂਨ **1974** ਤੱਕ ਸ੍ਰੀ ਗੁਰੂ ਸਿੰਘ ਸਭਾ, ਹੁਸ਼ਿਆਰਪੁਰ ਵਿਚ 50 ਦੇ ਕਰੀਬ ਵਿਦਿਆਰਥੀਆਂ ਨੂੰ ਕੀਰਤਨ ਸਿਖਾਇਆ। ਜਿਸ ਦੇ ਸਿੱਟੇ ਵਜੋਂ ਅੱਜ ਦੋ ਤਿੰਨ ਜਾਂ ਵੱਧ ਬੀਬੀਆਂ ਦੇ ਕੀਰਤਨੀ ਜੱਥੇ ਸ਼ਹਿਰ ਦੇ ਗੁਰਦੁਆਰਿਆਂ ਵਿਚ ਕੀਰਤਨ ਕਰ ਰਹੇ ਹਨ।

2. ਸ. ਮਹਿਤਾਬ ਸਿੰਘ ਜੀ ਪ੍ਰਧਾਨ 'ਚੀਫ ਖਾਲਸਾ ਦੀਵਾਨ' ਲੋਕਲ ਕਮੇਟੀ ਦਿੱਲੀ ਦੀ ਪ੍ਰੇਰਨਾ ਤੇ ਉੱਦਮ ਨਾਲ ਮਾਸਟਰ ਜੀ ਨੇ ਗੁਰੂ ਨਾਨਕ ਸੈਨਟਰੀ ਸਕੂਲ ਪਹਿਲਾਂ vorcent Hill ਮਸੂਰੀ ਵੀ ਜੁਲਾਈ ਤੇ ਸਤੰਬਰ 1974 ਵਿਚ ਜਾ ਕੇ ਕੀਰਤਨ ਦੀ ਸੇਵਾ ਕੀਤੀ।

3. ਚੰਡੀਗੜ੍ਹ ਵਿਖੇ ਦਸੰਬਰ 1974 ਤੋਂ ਫਰਵਰੀ 1975 ਤੱਕ ਆਪ ਜੀ ਨੇ ਗੁਰ-ਦੁਆਰਾ ਪਾਤਸ਼ਾਹੀ ਦਸਵੀ ਸੈਕਟਰ 8 ਚੰਡੀਗੜ੍ਹ ਵਿਖੇ ਇਹ ਸੇਵਾ ਨਿਭਾਈ। ਚੰਡੀਗੜ੍ਹ ਵਿਚ ਜੋ ਕੀਰਤਨ ਦੀ ਸੇਵਾ ਹੋਈ। ਉਸ ਦੀ ਖਾਸ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਚੰਡੀਗੜ੍ਹ ਦੀਆਂ ਕੀਰਤਨ ਕਲਾਸਾਂ ਵਿਚ 105 ਦੇ ਕਰੀਬ ਵਿਦਿਅਰਥੀ ਸ਼ਾਮਿਲ ਹੋਏ। ਇਸ ਕਲਾਸ ਵਿਚ ਨਾ ਕੇਵਲ ਬੀਬੀਆਂ ਤੇ ਬੱਚੇ ਹੀ ਸ਼ਾਮਿਲ ਸਨ ਬਲਕਿ ਸ਼ਹਿਰ ਦੇ ਬੜੇ ਪਤਵੰਤੇ, ਸੱਜਣ, ਰਿਟਾਇਰਡ ਅਫਸਰ ਆਪਣੇ ਪਰਿਵਾਰਾਂ ਸਹਿਤ ਸ਼ਾਮਿਲ ਹੋਏ 6 ਸਾਲ ਦੇ ਬੱਚਿਆਂ ਤੋਂ ਲੈ ਕੇ 70 ਸਾਲ ਦੇ ਬਜ਼ੁਰਗ ਵੀ ਸ਼ਾਮਿਲ ਸਨ। 6 ਸਾਲ ਗੁਰਮਤਿ ਵਿੱਦਿਆ ਤੇ ਕੀਰਤਨ ਸਿਖਲਾਈ ਦਾ ਬੜਾ ਪ੍ਰਚਾਰ ਕੀਤਾ। ਇਸ ਕਲਾਸ ਵਿਚ 'ਅੰਮ੍ਰਿਤ ਕੀਰਤਨ' ਰਸਾਲੇ ਦੇ ਸਹਿਯੋਗੀ ਸ: ਹਰਭਜਨ ਸਿੰਘ ਜੀ ਚੋਪੜਾ ਪਰਿਵਾਰ ਸਹਿਤ ਸੁਸ਼ੋਭਿਤ ਸਨ। ਚੰਡੀਗੜ੍ਹ ਵਿਚ ਇਸ ਕੀਰਤਨ ਕਲਾਸ ਦਾ ਇਤਨਾ ਪ੍ਰਭਾਵ ਪਿਆ ਕਿ ਅੱਜ ਨਿਰਾ ਚੰਡੀਗੜ੍ਹ ਹੀ ਨਹੀਂ ਪ੍ਰੰਤੂ ਮੋਹਾਲੀ ਦੇ ਗੁਰਦੁਆਰਾ ਸਾਚਾ ਧੰਨ 'ਸਹਿਬ' ਫੇਜ਼ 3 ਬੀ/1 ਤੇ ਹੋਰ ਗੁਰਦੁਆਰਿਆ ਵਿਚ ਵੀ ਇਸ ਵੇਲੇ ਇਹ ਕਲਾਸਾਂ ਜਾਰੀ ਹਨ।

ਚੰਡੀਗੜ੍ਹ ਕੀਰਤਨ ਕਲਾਸਾਂ ਦਾ ਇਤਨਾਂ ਪ੍ਰਭਾਵ ਸੀ ਕਿ ਸ: ਜੈਮਲ ਸਿੰਘ ਜੀ ਨੇ ਉੱਦਮ ਕਰਕੇ ਗੁਰਦੁਆਰਾ ਸ਼ਹੀਦਾਂ, ਮਾਡਲ ਟਾਊਨ, ਲੁਧਿਆਣਾ ਵਿਚ ਪਹਿਲੀ ਕਲਾਸ ਵਿਚ ਇਹ ਕਲਾਸਾਂ ਜਾਰੀ ਕੀਤੀਆਂ ਜਿਥੇ ਪਹਿਲੀ ਕਲਾਸ ਵਿਚ 70 ਵਿਦਿਅਰਥੀ ਮਾਈ, ਭਾਈ ਸ਼ਾਮਿਲ ਸਨ। ਜੇ ਅਸਲ ਦੇਖਿਆ ਜਾਵੇ ਤਾਂ ਇਹਨਾਂ ਕਲਾਸਾਂ ਦੇ ਸਦਕੇ ਅੱਜ ਲੁਧਿਆਣਾ ਸ਼ਹਿਰ ਵਿਚ ਇਸ ਕੀਰਤਨ ਸਿਖਲਾਈ ਤੇ ਕੀਰਤਨ ਦਰਬਾਰਾਂ ਦਾ ਉਤਸ਼ਾਹ ਪੈਦਾ ਹੋਇਆ। ਇਹ ਕਲਾਸਾਂ ਦੇ ਖਤਮ ਹੋਣ ਤੇ ਭਾਈ ਸਾਹਿਬ ਭਾਈ ਜੋਧ ਸਿੰਘ ਜੀ (ਵਾਇਸ ਚਾਂਸਲਰ) ਹੱਥੀਂ ਮਾਸਟਰ ਜੀ ਨੂੰ ਸਿਰੋਪਾ ਭੇਟਾ ਕੀਤਾ। ਇਸ ਖੁਸ਼ੀ

ਵਿਚ ਵਿਦਿਆਰੀਆਂ ਨੂੰ ਮਠਿਆਈ ਵੰਡੀ। ਕੀਰਤਨ ਕਲਾਸ ਦੀ ਫੋਟੋ ਵੀ ਆਪਣੀ ਰਿਪੋਰਟ ਵਿਚ ਛਾਪੀ।

ਚੰਡੀਗੜ੍ਹ ਦੀ ਕਲਾਸ ਦਾ ਇਤਨਾ ਪ੍ਰਭਾਵ ਸੀ ਕਿ ਸ: ਅਮਰ ਸਿੰਘ ਜੀ ਅੰਬਾਲਵੀ (ਐਡਵੋਕੇਟ) ਨੇ ਬੜਾ ਜ਼ੋਰ ਦੇ ਕੇ ਇਹ ਕਲਾਸ ਗਰਮੀ ਦੀਆਂ ਛੁੱਟੀਆਂ ਵਿਚ ਕਸੌਲੀ ਆਪਣੀ ਕੋਠੀ ਵਿਚ ਜਾਰੀ ਕਰਵਾਈ। ਇਸ ਕਲਾਸ ਵਿਚ 20 ਤੋਂ ਉਪਰ ਪ੍ਰਾਣੀ ਸ਼ਾਮਿਲ ਹੋਏ। ਬਹੁਤ ਸਾਰੇ ਫੌਜੀ ਅਫਸਰਾਂ ਦੇ ਪਰਿਵਾਰ ਸਨ। ਕੁਦਰਤ ਦੇ ਰੰਗ ਦੀ ਠੰਡੀ ਹਵਾ, ਮਾਸਟਰ ਜੀ ਦੇ ਅਨੁਕੂਲ ਨਾ ਹੋਣ ਕਰਕੇ ਖਾਂਸੀ ਦੀ ਤਕਲੀਫ ਹੋ ਗਈ ਤੇ ਉਹਨਾਂ ਨੂੰ ਛੇਤੀ ਪਟਿਆਲੇ ਜਾਣਾ ਪੈ ਗਿਆ। ਇਹ ਸੇਵਾ ਉਨ੍ਹਾਂ ਨੇ ਦਾਸ ਦੇ ਸਪੁਰਦ ਕੀਤੀ। ਇਸ ਕਲਾਸ ਦੀ ਨਿਰਵਿਘਨ ਸੰਪੂਰਨਤਾ ਦੇ ਧੰਨਵਾਦ ਹਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਵੀ ਪਾਇਆ ਗਿਆ।

ਮਾਸਟਰ ਜੀ ਬਿਰਧ ਅਵਸਥਾ ਕਰਕੇ ਕੁਝ ਸਮੇਂ ਲਈ ਬੰਬਈ ਚਲੇ ਗਏ। ਪ੍ਰੰਤੂ ਉਨ੍ਹਾਂ ਨੂੰ ਜੋ ਬਖਸ਼ਿਸ਼ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਪਾਸੋਂ ਗੁਰਮਤਿ ਸਿਖ ਲਈ ਪ੍ਰਾਪਤ ਕੀਤੀ, ਉਸ ਪਾਰ ਜਾਤ ਬ੍ਰਿਖ ਦੀ ਮਹਿਕ ਚਾਲੂ ਕਰਨ ਲਈ ਮੰਗਾਂ ਆਉਂਦੀਆਂ ਰਹੀਆਂ ਸਨ। 1977-78 ਵਿਚ ਮਾਸਟਰ ਜੀ ਦੀ ਇਸ ਸੇਵਾ ਦਾ ਇਹ ਸਿੱਟਾ ਸੀ ਕਿ ਇਹ ਕਲਾਸ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ, ਜਲੰਧਰ ਸ਼ਹਿਰ ਵਿਚ ਕੋਈ ਡੇਢ ਸਾਲ ਦੇ ਕਰੀਬ ਜ਼ਾਰੀ ਰਹੀਆਂ, ਜਿਸ ਵਿਚ ਦੋ ਢਾਈ ਸੌ ਤੋਂ ਵੱਧ ਵਿਦਿਆਰਥੀ ਸ਼ਾਮਿਲ ਹੋਏ। (ਇਹ ਸੇਵਾ ਮਾਸਟਰ ਨਿਹਾਲ ਸਿੰਘ ਜੀ ਦੇ ਸਿਖਲਾਈ ਢੰਗ ਦੀ ਚਾਲ ਤੇ ਦਾਸ ਦੇ ਹਿਸੇ ਆਈ)

ਮਾਸਟਰ ਜੀ 'ਆਸਾ ਦੀ ਵਾਰ' ਦੇ ਕੀਰਤਨ ਸਮੇਂ ਗੁਰਬਾਣੀ ਦੀ ਵਿਆਖਿਆ ਤੇ ਅਰਥ ਵੀ ਕਰਦੇ ਸਨ। ਉਹਨਾਂ ਤੋਂ ਦਾਸ ਨੂੰ ਇਹ ਚਾਨਣ ਮਿਲਿਆ ਕਿ ਨਿਰਾ ਗੁਰਮਤਿ ਕੀਰਤਨ ਦੀ ਸਿਖਲਾਈ ਹੀ ਕਾਫੀ ਨਹੀਂ ਸਗੋਂ ਗੁਰਸਿੱਖੀ ਤੇ ਅਸਲ ਗੁਰਮਤਿ ਦੇ ਟੀਚੇ ਦਾ ਵੀ ਧਿਆਨ ਰੱਖਣ ਦੀ ਲੋੜ ਹੈ। ਆਸਾ ਦੀ ਵਾਰ ਦੀਆਂ ਪਉੜੀਆਂ (ਬਿਨ ਸਤਿਗੁਰ ਕਿਨੈ ਨਾ ਪਾਇਉ) ਤੇਹਰਵੀਂ (ਸਤਿਗੁਰੂ ਵਿਟਹੁ ਵਾਰਿਆ) ਆਦਿ ਤੋਂ ਇਹ ਪ੍ਰੇਰਨਾ ਮਿਲੀ ਕਿ ਮੈਂ ਵਿਦਿਆਰਥੀਆਂ ਨੂੰ ਇਹ ਬੇਨਤੀ ਕਰਾਂ ਕਿ ਉਹ ਗੁਰੂ ਵਾਲੇ ਬਣਨ ਤੇ ਅੰਮ੍ਰਿਤ ਛਕਣ। ਸਤਿਗੁਰੂ ਜੀ ਨੇ ਆਪਣੀ ਕਲਾ ਵਰਤਾਈ ਤੇ ਜਲੰਧਰ ਵਿਖੇ 110 ਪ੍ਰਾਣੀਆਂ ਨੇ ਅੰਮ੍ਰਿਤ ਵੀ ਪਾਨ ਕੀਤਾ।

ਚੰਡੀਗੜ੍ਹ ਦੀ ਕੀਰਤਨ ਕਲਾਸ ਦੀ ਬੀਬੀ ਰਾਣੀ ਅਰਵਿੰਦਰ ਕੌਰ ਸੁਪੱਤਨੀ ਸ: ਕੁਲਦੀਪ ਸਿੰਘ ਨੇ ਨਿਰੰਕਾਰੀ ਦਰਬਾਰ ਸੈਕਟਰ 21 ਚੰਡੀਗੜ੍ਹ ਵਿਖੇ ਕੀਰਤਨ ਸਿੱਖਿਆ। ਉਪਰੰਤ ਅੰਮ੍ਰਿਤ ਪਾਨ ਵੀ ਕੀਤਾ ਤੇ ਹੁਣ ਉਸ ਤੋਂ ਬਾਅਦ ਅਮਰੀਕਾ (Michigan) ਜਾ ਕੇ ਆਪਣੇ ਗ੍ਰਹਿ ਵਿਖੇ ਛੋਟੇ-ਛੋਟੇ ਬੱਚਿਆਂ ਨੂੰ ਕੀਰਤਨ ਸਿਖਲਾਈ ਕਰਾਂਦੇ ਹਨ।

ਚੰਡੀਗੜ੍ਹ ਵਿਖੇ ਇਹ ਕੀਰਤਨ ਕਲਾਸਾ 1978 79 ਵਿਚ ਨਿਰੰਕਾਰੀ ਦਰਬਾਰ ਸੈਕਟਰ 21 ਵਿਚ ਚਾਲੂ ਕੀਤੀਆਂ, ਜਿਸ ਵਿਚ 100 ਤੋਂ ਵੱਧ ਬੱਚਿਆਂ ਨੇ ਕੀਰਤਨ ਦਾ ਲਾਭ ਉਠਾਇਆ ਹੋਵੇਗਾ। ਉਪਰੰਤ ਗੁਰਦੁਆਰਾ ਪਾਤਸ਼ਾਹੀ ਨੌਵੀਂ ਸੈਕਟਰ 15 ਚੰਡੀਗੜ੍ਹ ਵਿਖੇ, ਨਵੰਬਰ 78 ਤੋਂ ਅਪ੍ਰੈਲ 79 ਤੱਕ ਇਸ ਕਲਾਸ ਵਿਚ 25-30 ਬੱਚੇ ਸ਼ਾਮਿਲ ਹੋਏ। ਸੰਨ 79 ਮਈ ਜੂਨ ਤੋਂ ਇਹ ਕਲਾਸ ਦੂਜੀ ਤੀਜੀ ਵਾਰੀ ਜਲੰਧਰ ਵਿਖੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਚਾਲੂ ਹੋਈ। ਉਪਰੰਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸੈਂਟਰਲ ਟਾਊਨ ਜਲੰਧਰ ਗੁਰਦੁਆਰਾ ਮਹੱਲਾ ਕਕਾਰ ਖਾਨ ਜਲੰਧਰ ਸ਼ਹਿਰ, ਮਾਡਲ ਟਾਊਨ ਵਿਖੇ ਕੋਠੀ ਬੀਬੀ ਸੁਰਜੀਤ ਕੌਰ, ਮਾਡਲ ਟਾਊਨ ਵਿਖੇ ਵੀ ਇਹਨਾਂ ਕਲਾਸਾਂ ਦਾ ਸੈਂਕੜੇ ਪ੍ਰਾਣੀਆਂ ਨੇ ਲਾਭ ਉਠਾਇਆ।

1981-82 ਵਿਚ ਪੰਜਾਬ ਦਾ ਵਾਤਾਵਰਣ ਠੀਕ ਨਾ ਰਹਿਣ ਕਰਕੇ ਬੀਬੀਆਂ ਬੱਚਿਆਂ ਦਾ ਗੁਰਦੁਆਰੇ ਪਹੁੰਚਣਾ ਮੁਸ਼ਕਿਲ ਹੋ ਗਿਆ ਤੇ ਉਧਰ ਮਾਸਟਰ ਜੀ ਦੀ ਸਿਹਤ ਤੇ ਅੱਖਾਂ ਅਮਜ਼ੋਰ ਹੋਣ ਕਰਕੇ ਇਹ ਸੇਵਾ ਚਾਲੂ ਨਾ ਰਹਿ ਸਕੀ। ਅੱਜ ਕੱਲ ਜਿਨ੍ਹਾਂ ਜਿਨ੍ਹਾਂ ਗੁਰਮੁੱਖਾਂ ਜਾਂ ਬੀਬੀਆਂ ਨੇ ਇਸ ਕੀਰਤਨ ਦੀ ਸਿਕਲਾਈ ਤੋਂ ਲਾਭ ਉਠਾਇਆ ਸੀ, ਉਹ ਆਪੋ-ਆਪਣੇ ਸ਼ਹਿਰਾਂ, ਨਗਰਾਂ ਦੇ ਗੁਰਦੁਆਰੇ ਜਾਂ ਘਰਾਂ ਵਿਚ ਕੀਰਤਨ ਸਿਖਲਾਈ ਦੀ ਗੁਪਤ ਸੇਵਾ ਕਰ ਰਹੇ ਹਨ।

ਮਾਸਟਰ ਜੀ ਦੀ ਦੇਣ :– ਉਪਰ ਲਿਖੇ ਸੰਖੇਪ ਕੀਰਤਨ ਸਿਖ਼ਲਾਈ ਦੀਆਂ ਫੇਰੀਆਂ ਰਾਹੀਂ ਜੋ ਨਿਸ਼ਕਾਮ, ਨਿਰਮਾਣ ਤੇ ਅਣਥੱਕ ਸੇਵਾ ਮਾਸਟਰੇ ਜੀ ਨੇ ਕੀਤੀ ਹੈ ਉਤ-ਧੰਨਤਾ ਯੋਗ ਹੈ। ਇਸ ਸੇਵਾ ਦਾ ਫਲ ਮਾਸਟਰ ਜੀ ਦੀ ਆਤਮਾ ਨੂੰ ਮੇਰਾ ਸਤਿਗੁਰੂ ਹੀ ਦੇ ਸਕਦਾ ਹੈ। ਉਹਨਾਂ (ਮਾਸਟਰ ਜੀ) ਦੇ ਕੀਰਤਨ ਸਿਖਲਾਈ ਦਾ ਢੰਗ ਅਤੇ ਨਿਯਮਾਂ ਵਿਚ ਕੁਝ ਖਾਸ ਵਿਸ਼ੇਸ਼ਤਾਵਾਂ ਤੇ ਵਿਲੱਖਣਤਾਵਾਂ ਸਨ।

1. ਉਹਨਾਂ ਦੇ ਕੀਰਤਨ ਸਿਖਲਾਈ ਦਾ ਢੰਗ ਬੜਾ ਨਿਰਾਲਾ ਤੇ ਸੁਖਾਲਾ ਸੀ। ਆਮ ਦੇਖਣ ਵਿੱਚ ਆਇਆ ਹੈ ਕਿ ਕੀਰਤਨ ਦੀ ਸਿਖਲਾਈ ਵਿਅਕਤੀਗਤ ਹੁੰਦੀ ਹੈ। ਮਾਸਟਰ ਜੀ ਦਾ ਢੰਗ ਕਲਾਸ ਜਾਂ Mas. ਟੀਚਿੰਗ ਦੇ ਰੂਪ ਵਿਚ ਸੀ ਜਿਸ ਤਰ੍ਹਾਂ ਕਿ ਵਰਖਾ ਵੇਲੇ ਕਈ ਪ੍ਰਾਣੀਆਂ ਨੂੰ ਲਾਭ ਪਹੁੰਚਦਾ ਹੈ। ਜਲੰਧਰ ਗੁਰਦੁਆਰਾ ਨਾਨਕ ਮਿਸ਼ਨ ਵਿਖੇ 130 ਦੇ ਕਰੀਬ ਵਿਦਿਆਰਥੀ ਸਨ ਜਿਨ੍ਹਾਂ ਦੇ ਦੋ ਗਰੁੱਪ ਬਣਾਏ ਗਏ ਤੇ ਸਾਰੀਆਂ ਹਦਾਇਤਾਂ ਲਾਊਡ ਸਪੀਕਰ ਤੇ ਦਿੱਤੀਆਂ। ਇਸ ਵਿਚ ਕੁਝ ਪੁਰਾਣੇ ਵਿਦਿਆਰਥੀਆਂ ਨੇ ਸਹਾਇਕ ਤੌਰ ਤੇ ਵੀ ਸੇਵਾ ਕੀਤੀ।

2. ਕੀਰਤਨ ਦੇ ਢੰਗ ਵਿੱਚ ਸੁਖੈਨਤਾ ਵੀ ਸੀ ਕਲਾਸ ਵਿੱਚ ਛੇ ਸਾਲ ਤੋਂ 60 ਸਾਲ ਦੇ ਵਿਦਿਆਰਥੀ ਸ਼ਾਮਿਲ ਸਨ। ਜਿਨ੍ਹਾਂ ਨੂੰ ਬੜੇ ਸੁਚੱਜੇ ਢੰਗ ਨਾਲ ਵਾਜੇ ਦੀਆਂ ਸੁਰਾਂ ਤੇ ਠੀਕ ਉਂਗਲਾਂ ਰੱਖਣ ਦਾ ਪਹਿਲਾਂ ਅਭਿਆਸ ਕਰਵਾਉਂਦੇ ਸਨ ਜਿਸ ਨਾਲ ਬੱਚਿਆਂ ਨੂੰ ਰਾਗਾਂ ਦੀ ਸਿਖਲਾਈ ਵੇਲੇ ਉਂਗਲੀਆਂ ਭੁਕਦੀਆਂ ਨਹੀਂ ਸਨ।

3. ਇਹ ਮਾਸਟਰ ਜੀ ਦਾ ਪੱਕਾ ਨਿਸ਼ਚਾ ਸੀ ਕਿ ਜਿਸ ਰਾਗ ਵਿੱਚ ਗੁਰੂ ਮਹਾਰਾਜ ਨੇ ਜੋ ਸ਼ਬਦ ਲਿਖਿਆ, ਉਸੇ ਵਿੱਚ ਹੀ ਗਾਇਨ ਕੀਤਾ ਜਾਵੇ ਅਤੇ ਰਹਾਉ ਦੀਆਂ ਤੁਕਾਂ ਨੂੰ ਹੀ ਅਸਥਾਈ ਬਣਾਇਆ ਜਾਵੇ। ਹੁਣ ਇਹ ਮਰਿਯਾਦਾ ਸ੍ਰੀਮਾਨ ਸੰਤ ਸੁੱਚਾ ਸਿੰਘ ਜੀ ਜਵੱਦੀ (ਲੁਧਿਆਣੇ) ਵਾਲਿਆਂ ਨੇ 2 ਅਕਤੂਬਰ 1991 ਵਿੱਚ ਜੋ ਕੀਰਤਨ ਦਰਬਾਰ ਕੀਤਾ ਸੀ ਇਸੇ ਵਿਚਾਰ ਦੀ ਪ੍ਰੋੜ੍ਹਤਾ ਤੇ ਪਕਿਆਈ ਕਰ ਦਿੱਤੀ ਹੈ। ਭਾਈ ਸਾਹਿਬ ਵੀਰ ਸਿੰਘ ਜੀ ਨੇ ਵੀ ਇਸ ਵਿਸ਼ੇ ਉੱਤੇ ਆਪਣੇ ਵਿਚਾਰ ਨੂਰਸ਼ਾਹ ਢਾਕੇਵਾਲ ਦੀ ਸਾਖੀ ਵਿੱਚ ਦਰਸਾਇਆ ਹੈ ਕਿ ਜਿਸ ਰਾਗ ਵਿੱਚ ਮਹਾਰਾਜ ਨੇ ਸ਼ਬਦ ਉਚਾਰਣ ਕੀਤਾ ਉਸ ਰਾਗ ਵਿਚ ਗਾਇਣ ਕੀਤਾ ਜਾਵੇ।

ਮਾਸਟਰ ਜੀ ਦੀਆਂ ਲਿਖਤਾਂ ਦੀ ਵਿਸ਼ੇਸ਼ਤਾ :—ਇਕ ਬੜਾ ਉੱਤਮ ਉਦਮ ਮਾਸਟਰ ਜੀ ਨੇ ਗੁਰਮਤਿ ਕੀਰਤਨ ਦੀਆਂ ਪੁਸਤਕਾਂ ਲਿਖਣ ਤੇ ਕੀਤਾ। ਸੰਗੀਤ ਬਾਲਬੋਧ ਤੋਂ ਲੈ ਕੇ ਵੱਡੇ-ਵੱਡੇ ਰਾਗਾਂ ਦੀਆਂ ਸਰਗਮਾਂ ਤੇ ਕੀਰਤਨ ਕਰਨ ਦੇ ਢੰਗ ਲਿਖੇ। ਆਪਣੀ ਪੁਸਤਕ ਵਿੱਚ ਗੁਰੂ ਗ੍ਰੰਥ ਸਾਹਿਬ ਦੇ 33 ਰਾਗਾਂ ਦੇ ਗਾਇਣ ਦੀਆਂ ਸਰਗਮਾਂ ਤੇ ਉਹਨਾਂ ਰਾਗਾਂ ਦੇ ਸ਼ਬਦ ਵੀ ਦਰਜ ਕੀਤੇ। ਉਹਨਾਂ ਰਾਗਾਂ ਦੇ ਗਾਇਣ ਕਰਨ ਦੇ ਇਹਨਾਂ ਪੁਸਤਕਾਂ ਵਿਚ ਸਮੇਂ ਵੀ ਦਿੱਤੇ। ਚੌਥਾ ਰਾਗ ਦੇ ਨਾਲ ਤਾਲ ਭੀ ਦਰਜ ਕੀਤੇ। ਸਭ ਤੋਂ ਉੱਤਮ ਸੇਵਾ ਉਹਨਾਂ ਦੀ ਇੱਛਾ ਸੀ (ਕਿਤਾਬ ਦੀ ਭੇਟਾ) ਸ਼ਰਧਾ ਭੇਟਾ ਇੱਛਾ ਮੁਜਬ ਅਤੇ ਜੁਬਾਨੀ ਇਹ ਕਿਹਾ ਸੀ ਕਿ ਜੋ ਰਕਮ ਕਿਸੇ ਸੱਜਣ ਪਾਸੋਂ ਭੇਟਾ ਆਵੇ ਉਹ ਬਿਰਧ ਘਰ, ਚੀਫ ਖਾਲਸਾ ਦੀਵਾਨ ਤਰਨਤਾਰਨ ਨੂੰ ਭੇਜ ਦਿੱਤੀ ਜਾਵੇ।

ਕੀਰਤਨ ਦੀ ਪੁਸਤਕ ਲਿਖਣ ਤੋਂ ਇਲਾਵਾ, ਪੁਸਤਕ ਦੀ proof Reading ਬਹੁਤ ਹੀ ਮੁਸ਼ਕਿਲ ਹੈ, ਜੋ ਹਰ ਇਕ ਪ੍ਰਾਣੀ, ਜਿਸ ਨੂੰ ਕੀਰਤਨ ਦਾ ਅਭਿਆਸ ਨਾ ਹੋਵੇ, ਨਹੀਂ ਕਰ ਸਕਦਾ, ਮਾਸਟਰ ਜੀ ਨੇ ਇਹ ਗੁਰੂ ਪੰਥ ਦੀ ਮਹਾਨ ਸੇਵਾ ਕੀਤੀ। ਜਿਸ ਦਾ ਫਲ ਹਰ ਇਕ ਪ੍ਰਾਣੀ ਆਪਣੇ ਕੀਰਤਨ ਕਲਾਸਾਂ ਰਾਹੀਂ ਦੇਖ ਰਿਹਾ ਹੈ।

ਧੰਨ ਸਤਿਗੁਰੂ ਤੇ ਧੰਨ ਗੁਰਸਿੱਖ
ਸਭ ਆਪਹੁ ਧੰਨ ਧੰਨ ਧੰਨ ਗੁਰਸੋਈ

ਪ੍ਰੋ. ਕਰਤਾਰ ਸਿੰਘ ਹੁਸ਼ਿਆਰ ਪੁਰ ਵਾਲੇ

# ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮ: ੧
ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ।
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ।
ਸਤਜੁਗਿ ਰਥੁ ਸੰਤੋਖ ਕਾ ਧਰਮ ਅਗੈ ਰਥਵਾਹੁ ।
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ।
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ।
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ।੧।

**ਵਿਆਖਿਆ :**—ਇਸ ਉਪ੍ਰੋਕਤ ਸਲੋਕ ਵਿਚ ਹਜ਼ੂਰ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖ ਦੀ ਜਿੰਦਗੀ ਨੂੰ ਯਾਤਰਾ ਰੂਪੀ ਰੱਥ ਦੇ ਰੂਪਕ ਵਿਚ ਪੇਸ਼ ਕੀਤਾ ਹੈ । ਸਰੀਰ ਨੂੰ ਰੱਥ ਕਿਹਾ ਹੈ ਤੇ ਅੰਤਹਕਰਣ ਵਿਚੋ ਜੋ ਵਾਸ਼ਨਾਵਾਂ ਵਸਦੀਆਂ ਹਨ ਉਨ੍ਹਾਂ ਦੀ ਗੰਢ ਨੂੰ ਰੱਥ-ਵਾਹੀ ਗਿਣਿਆ ਹੈ । ਜਿਸ ਤਰ੍ਹਾਂ ਯਾਤਰਾ ਦੀ ਸਫਲਤਾ ਰਥ ਅਤੇ ਰਥਵਾਹੀ ਦੇ ਉਪਰ ਨਿਰਭਰ ਹੁੰਦੀ ਹੈ, ਇਸੇ ਤਰ੍ਹਾਂ ਆਤਮਕ ਉਨਤੀ ਲਈ ਸਰੀਰਕ ਕਰਮ ਸ਼ੁੱਧ ਹੋਵੇ ਅਤੇ ਅੰਤਹਕਰਣ ਵਿਚ ਵਸਣ ਵਾਲੀਆਂ ਵਾਸ਼ਨਾਵਾਂ (ਜੋ ਪ੍ਰੇਰਕ ਹਨ ।) ਦਾ ਨਵਿਰਤ ਹੋਣਾ ਜ਼ਰੂਰੀ ਹੈ । ਇਸ ਕਲਾ ਦੇ ਯੁਗ ਵਿਚ ਜ਼ਾਹਿਰਾ ਤੌਰ ਤੇ ਪਿਛਲੇ ਯੁਗਾਂ ਦੇ ਮੁਕਾਬਲੇ ਤੇ ਆਤਮਕ ਜੀਵਨ ਬਿਤਾਉਣਾ ਜ਼ਿਆਦਾ ਹੀ ਕਠਨ ਪ੍ਰਤੀਤ ਹੁੰਦਾ ਹੈ । ਪਰ ਮੁਕਤੀ ਦੇ ਖਿਆਲ ਤੋਂ ਇਹ ਗੱਲ ਉਲਟ ਸਿਧ ਹੁੰਦੀ ਹੈ । ਭਾਵ ਚਾਰੇ ਯੁਗਾਂ ਦੀ ਧਾਰਮਿਕ ਅਵਸਥਾ ਵਿਚ ਭੇਦ ਹੁੰਦਿਆਂ ਹੋਇਆਂ ਵੀ ਮੋਖ ਪ੍ਰਾਪਤੀ ਦੇ ਅਵਸਰ ਮਨੁੱਖ ਲਈ ਇਕੋ ਜਿਹੇ ਹੀ ਹਨ । ਜਿਵੇਂ ਸੰਤੋਖੀ ਸਰੀਰ ਸਤਿ ਸੰਗ ਦਾ ਵਾਸੀ ਹੈ । ਮਾਰੂ ਰਾਗ ਵਿਚ ਗੁਰੂ ਨਾਨਕ ਪਾਤਿਸ਼ਾਹ ਦੇ ਬਚਨ ਹਨ :—

ਸਤ ਜੁਗ ਸਤ ਸੰਤੋਖ ਸਰੀਰ (ਮਾਰੂ ਮ: ੧)

ਸਤਿਜੁਗ ਖਤਮ ਹੋਣ ਤੇ ਤ੍ਰੇਤਾ ਜੁਗ ਸ਼ੁਰੂ ਹੋਇਆ ਤਾਂ ਮਨੁੱਖ ਵਿਚ ਭਾਵਨਾ ਜੋਰ ਦੀ ਵਧੀ ਸੋ ਜਤ ਵੱਲ ਧਿਆਨ ਹੋ ਗਿਆ ਤੇ ਧਰਮ ਵੱਲੋਂ ਹਟ ਗਿਆ । ਜਿਵੇਂ ਬਾਣੀ ਵਿਚ ਫੁਰਮਾਣ ਹੈ :—

ਤ੍ਰੇਤੈ ਧਰਮ ਕਲਾ ਇਕ ਚੁਕੀ (ਮਾਰੂ ਮ: ੧)

ਸੋ ਮੁਕਤੀ ਫਿਰ ਵੀ ਨਾ ਮਿਲ ਸਕੀ ਭਾਵਨੀ ਦਾ ਬੱਧਾ ਦੁਆਪਰ ਵਿਚ ਦਾਖਲ ਹੋ ਗਿਆ ਅਤੇ ਇਥੇ ਵੀ ਕਰਮਾਂ ਤੇ ਜੋਰ ਨਾਲ ਪਕੜ ਰੱਖੀ ਜਿਵੇਂ (ਦਇਆ ਦੁਆਪਰ ਅੱਧੀ ਹੋਈ) ਦਖਾਵੇ ਵਾਲਾ ਸਰੀਰ ਦੁਆਪਰ ਵਿਚ ਹੀ ਵਰਤ ਰਿਹਾ ਹੈ । ਕਲਜੁਗ ਵਿਚ ਸੁਭਾਅ ਦੀ ਬਦਲੀ ਹੋਰ

ਹੋ ਗਈ ਤੇ ਖੁਲ੍ਹਮ-ਖੁੱਲ੍ਹਾ ਕੂੜ ਪ੍ਰਧਾਨ ਹੋ ਗਿਆ। ਮਨੁੱਖ ਦੇ ਸਰੀਰਕ ਕਰਤਵ ਤ੍ਰਿਸ਼ਨਾਂ ਦੀ ਅੱਗ ਨਾਲ ਭੜਕ ਉੱਠੇ। ਰਾਮ ਕਲੀ ਰਾਗ ਵਿਚ ਫੁਰਮਾਣ ਹੈ :—

'ਕਲਜੁਗਿ ਧਰਮ ਕਲਾ ਇਕ ਰਹਾਏ।
ਇਕ ਪੈਰਿ ਚਲੈ ਮਾਇਆ ਮੋਹ ਵਧਾਏ' (ਮ:੩)

ਸੋ ਇਨ੍ਹਾਂ ਜੁਗਾਂ ਦੇ ਕਥਨ ਵਿਚ ਸਿਧਾਂਤਕ ਗੱਲ ਇਕ ਹੈ ਕਿ ਪਾਰ ਉਤਾਰੇ ਲਈ ਸਭ ਤੋਂ ਉਤਮ ਚੀਜ਼ ਨਾਮ ਹੈ। ਕਿਉਂਕਿ ਨਾਮ ਸਿਮਰਨ ਨਾਲ ਉਹਨਾਂ ਸੂਖਮ ਵਾਸ਼ਨਾਵਾਂ ਦੀ ਨਵਿਰਤੀ ਹੋ ਜਾਂਦੀ ਹੈ ਜੋ ਜੁਗਾਂ ਤੇ ਜੁਗਾਂਤਰਾਂ ਵਿਚ ਜੀਵ ਆਤਮਾ ਨੂੰ ਜਨਮਾਂ ਵਿਚ ਭਟਕਾਉਂਦੀਆਂ ਰਹਿੰਦੀਆਂ ਹਨ।

ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ।
ਕਲਿ ਮਹਿ ਗੁਰਮਖਿ ਉਤਰਸਿ ਪਾਰਿ। (ਗਾਉੜੀ ਮਾਝ)

ਮਹਲਾ ੧

ਸਾਮ ਕਹੈ ਸੇਤੰਬਰ ਸੁਆਮੀ ਸਚ ਮਹਿ ਆਛੈ ਸਾਚਿ ਰਹੇ।
ਸਭੁ ਕੋ ਸਚਿ ਸਮਾਵੈ।
ਰਿਗੁ ਕਹੈ ਰਹਿਆ ਭਰਪੂਰਿ।
ਰਾਮ ਨਾਮੁ ਦੇਵਾ ਮਹਿ ਸੂਰੁ।
ਨਾਇ ਲਇਐ ਪਰਾਛਤ ਜਾਹਿ।
ਨਾਨਕ ਤਉ ਮੋਖੰਤਰੁ ਪਾਹਿ।
ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ, ਕ੍ਰਿਸ਼ਨ ਜਾਦਮੁ ਭਇਆ।
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ।
ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ।
ਚਾਰੇ ਵੇਦ ਹੋਏ ਸਚਿਆਰ। ਪੜਹਿ ਗੁਣਹਿ ਤਿਨ ਚਾਰ ਵੀਚਾਰ।
ਭਾਉ ਭਗਤਿ ਕਰਿ ਨੀਚੁ ਸਦਾਏ। ਤਉ ਨਾਨਕ ਮੋਖੰਤਰੁ ਪਾਏ।੨।

**ਵਿਆਖਿਆ :**—ਉਪਰੋਕਤ ਪਹਿਲੇ ਸਲੋਕ ਵਿਚ ਚਾਰੇ ਜੁਗਾਂ ਦੇ ਵਰਤਾਰੇ ਅਤੇ ਇਸ ਸਲੋਕ ਵਿਚ ਚਾਰੇ ਵੇਦਾਂ ਦੇ ਮਤਿ ਕਹਿ ਸਮਝਾ, ਰਾਮ ਕ੍ਰਿਸ਼ਨ ਦਾ ਇਤਿਹਾਸਕ ਜ਼ਿਕਰ ਕਾਰਨ ਬਾਅਦ ਮੁਸਲਮਾਨੀ ਮਤ ਦਾ ਜਿਕਰ ਕਰ ਅਖੀਰ ਖਲਾਸਾ ਇਸੇ ਗੱਲ ਤੇ ਹੋਇਆ ਹੈ ਕਿ ; —

ਭਾਉ ਭਗਤਿ ਕਰਿ ਨੀਚ ਸਦਾਏ। ਤਉ ਨਾਨਕ ਮੋਖੰਤਰੁ ਪਾਏ।

ਇਸ ਵਿਚ ਜਣਾਇਆ ਹੈ ਕਿ ਮੋਖ ਪਾਉਣ ਦਾ ਤਰੀਕਾ 'ਪ੍ਰੇਮਾ ਭਗਤੀ' ਹੈ, ਨਾਮ ਹੈ। ਪਿਛਲੇ ਜੁਗਾਂ ਦੇ ਵੇਦਾਂ ਤੇ ਵੇਦਾਂ ਦੇ ਦੱਸੇ ਤਰੀਕਿਆ ਨਾਲ ਆਵਾ ਗਵਣ ਬਣਿਆ ਹੀ ਰਹਿੰਦਾ ਹੈ। ਸੋ ਉਹ ਤਰੀਕੇ ਮੁਕਤੀ ਮਾਰਗ ਲਈ ਠੀਕ ਨਹੀਂ ਬੈਠਦੇ।

ਅਗਲੀ ਪਉੜੀ ਵਿਚ ਮਿਲਾਪ ਦਾ ਖਲਾਸਾ-ਤਰੀਕਾ ਹਜ਼ੂਰ ਜੀ ਨੇ ਪੇਸ਼ ਕੀਤਾ ਹੈ ਜੀਉ ।

ਪਉੜੀ :— ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ।
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ ।
ਖਸਮੁ ਛੋਡਿ ਦੂਜੇ ਲਗੇ ਡੁਬੇ ਸੇ ਵਣਜਾਰਿਆ ।
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ।
ਕਰਿ ਕਿਰਪਾ ਪਾਰਿ ਉਤਾਰਿਆ ।੧੩।

ਵਿਆਖਿਆ : ਸੋ ਸਤਿਗੁਰੂ ਤੋਂ ਸਦਕੇ ਜਾਈਏ ਜਿਸ ਦੇ ਸ਼ਬਦ ਰਾਹੀਂ ਮਾਲਕ ਵਾਹਿਗੁਰੂ ਨੂੰ ਯਾਦ ਕੀਤਾ ਜਾ ਸਕਦਾ ਹੈ ਅਤੇ ਯਾਦ ਕਰਨਾ ਹੀ ਭਗਤੀ ਹੈ, ਸਿਮਰਨ ਹੈ । ਇਸ ਉਦੇਸ਼ ਸਦਕਾ ਗਿਆਨ ਰੂਪੀ ਸੁਰਮਾ ਪਾਉਂਦਿਆਂ ਹੀ ਅਗਿਆਨ ਦਾ ਅੰਧੇਰਾ, ਧੁੰਧੂਕਾਰਾ (ਭਰਮ) ਹਟ ਗਿਆ । ਜਿਵੇਂ ਸਾਹਿਬ ਜੀ ਦਾ ਫੁਰਮਾਣ ਸੁਖਮਣੀ ਸਾਹਿਬ ਦੀ 23 ਵੀਂ ਅਸ਼ਟਪਦੀ ਤੋਂ ਪਹਿਲਾ ਸਲੋਕ ਹੈ :—

ਗਿਆਨ ਅੰਜਨੁ ਗੁਰਿ ਦੀਆ ਅਗਿਆਨੁ ਅੰਧੇਰ ਬਿਨਾਸੁ ।
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ।

ਗੁਰੂ ਸ਼ਬਦ ਹੀ ਜਹਾਜ਼ ਹੈ, ਸਤਿ ਸੰਗਤ ਵਿਚ ਪਹੁੰਚ ਕੇ ਗੁਰੂ ਦੇ ਸ਼ਬਦ ਰਾਹੀਂ ਭਵ ਸਾਗਰ ਤੋਂ ਪਾਰ ਹੋ ਜਾਈਦਾ ਹੈ । ਜਿਵੇਂ ਸਮੁੰਦਰ ਵਿਚ (ਬੋਹਿਥ) ਜਹਾਜ ਰਾਹੀਂ ਪਾਰ ਲੰਘੀਦਾ ਹੈ । ਮਿਸਾਲ ਦੇ ਕੇ ਪਉੜੀ ਵਿਚੋਂ ਸਮਝਾਉਣਾ ਕੀਤਾ ਹੈ ਜੀਉ । ★

# ਪ੍ਰਸਿੱਧ ਕੀਰਤਨੀਏ ਭਾਈ ਵਰਿਆਮ ਸਿੰਘ ਟੌਹੜਾ

4 ਜੁਲਾਈ ਸਵੇਰੇ 8 ਵਜੇ ਦਾ ਸਮਾਂ ਸੀ, ਜਦੋਂ ਪੰਜਾਬ ਦੇ ਇਕ ਪ੍ਰਸਿੱਧ ਰਾਗੀ ਵਿਦਵਾਨ, ਨਿਪੁੰਨ ਭਾਸ਼ਾ ਅਧਿਆਪਕ ਮਿਠ ਬੋਲੜੇ ਅਤੇ ਨੇਕ ਦਿਲ ਇਨਸਾਨ ਇਸ ਦੁਨੀਆਂ ਤੋਂ ਤੁਰ ਗਏ। ਉਹ ਸਨ ਪੰਜਾਬ ਦੇ ਵੱਡਮੁੱਲੇ ਹੀਰੇ, ਗਿਆਨ ਅਤੇ ਅਧਿਆਤ-ਮਕ ਸੁਰਾਂ ਦੇ ਭੰਡਾਰ ਗਿਆਨੀ ਵਰਿਆਮ ਸਿੰਘ ਟੌਹੜਾ। ਸੱਚਮੁੱਚ ਵਰਿਆਮ ਸਨ-ਗਿ: ਵਰਿਆਮ ਸਿੰਘ। ਅਸਲ ਵਿਚ ਉਹ ਜੀਵਨ-ਸੰਗਰਾਮ ਦੇ ਵਰਿਆਮ (ਬਹਾਦਰ) ਸਿਪਾਹੀ ਸਨ, ਉਹ ਵੱਡੇ ਤੇ ਮਹਾਨ ਸਨ। 'ਯਥਾ ਨਾਮ ਤਥਾ ਗੁਣ' ਅਨੁਸਾਰ ਉਨ੍ਹਾਂ ਨੇ ਆਪਣੇ ਨਾਂ ਨੂੰ ਪੂਰੀ ਤਰ੍ਹਾਂ ਸਫਲ ਤੇ ਸਾਰਥਕ ਕਰ ਵਿਖਾਇਆ ਹੈ। ਉਨ੍ਹਾਂ ਦੇ ਤੁਰ ਜਾਣ ਤੇ ਮੈਨੂੰ ਭਗਤ ਕਬੀਰ ਜੀ ਦੀਆਂ ਇਹ ਸਤਰਾਂ ਯਾਦ ਆਉਂਦੀਆਂ ਹਨ :

ਕਬੀਰ ਜਬ ਹਮ ਪੈਦਾ ਹੁਏ<br>
ਜਗ ਹੰਸੇ ਹਮ ਰੋਏ,<br>
ਐਸੀ ਕਰਨੀ ਕਰਿ ਚਲੇ,<br>
ਹਮ ਹੰਸੇ ਜਗ ਰੋਏ ॥

30 ਸਤੰਬਰ 1903 ਵਿਚ ਗਿ: ਵਰਿਆਮ ਸਿੰਘ ਟੌਹੜਾ ਦਾ ਜਨਮ ਸ. ਰਤਨ ਸਿੰਘ ਦੇ ਘਰ ਹੋਇਆ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਆਪ ਚਾਚਾ ਜੀ ਲਗਦੇ ਸਨ। ਗਿਆਨੀ ਜੀ ਦੇ ਪਿਤਾ ਭਾਵੇਂ ਖੇਤੀ ਕਰਦੇ ਸਨ ਪਰ ਆਪਣੇ ਪੁੱਤਰ ਨੂੰ ਪੜ੍ਹਾਉਣ ਦੀ ਉਨ੍ਹਾਂ ਨੂੰ ਚੇਟਕ ਲਗ ਗਈ। ਮੁਢਲੀ ਵਿਦਿਆ ਆਪ ਨੇ ਲਾਗਲੇ ਪਿੰਡ ਚਿਨਾਰਥਲ ਕਲਾ ਦੇ ਹਾਈ ਸਕੂਲ ਤੋਂ ਹਾਸਲ ਕੀਤੀ। ਅੱਗੋਂ ਪੜ੍ਹਨ ਦਾ ਸ਼ੌਕ ਆਪ ਨੂੰ ਪਟਿਆਲੇ ਲੈ ਆਇਆ। ਇਥੇ ਰਹਿ ਕੇ ਆਪ ਨੇ 1918 ਵਿਚ ਬੁੱਧੀਮਾਨੀ ਅਤੇ 1921 ਵਿਚ ਗਿਆਨੀ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਉਪਰੰਤ ਗਿਆਨੀ ਜੀ ਨੇ ਚਿਨਾਰਥਲ ਕਲਾਂ ਦੇ ਹਾਈ ਸਕੂਲ ਵਿਚ ਪੰਜਾਬੀ ਅਧਿਆਪਕ ਦੇ ਤੌਰ ਤੇ ਕਈ ਸਾਲ ਸੇਵਾ ਕੀਤੀ। ਆਪ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣ ਦੇ ਨਾਲ-ਨਾਲ ਨੈਤਿਕ ਅਤੇ ਧਾਰਮਿਕ ਸਿੱਖਿਆ ਭੀ ਦਿੰਦੇ ਰਹਿੰਦੇ ਸਨ। ਆਪ ਜੀ ਦੇ ਕਈ ਵਿਦਿਆਰਥੀ ਸਮਾਜ-ਸੇਵੀ ਅਤੇ ਧਾਰਮਿਕ ਖਿਆਲਾਂ ਦੇ ਹੋਏ ਹਨ। ਇਥੇ ਸ. ਜਗਜੀਤ ਸਿੰਘ ਟਿਵਾਣਾ (ਕਲਕਤੇ ਵਾਲਿਆਂ) ਦਾ ਉਲੇਖ ਕਰਨਾ ਜ਼ਰੂਰੀ ਹੈ, ਜਿਨ੍ਹਾਂ ਨੇ ਸਰਕਾਰੀ ਨੌਕਰੀ ਵਿਚ ਹੁੰਦਿਆਂ ਹੋਇਆਂ ਵੀ ਇੱਛਾਪੁਰ (ਪੱਛਮੀ ਬੰਗਾਲ) ਦੇ ਗੁਰਧਾਮਾਂ ਦੇ ਸੈਕਟਰੀ ਅਤੇ ਪ੍ਰਧਾਨ ਦੇ ਤੌਰ ਤੇ ਲਗਾਤਾਰ 30 ਸਾਲ ਅਤੇ ਨਿਸ਼ਕਾਮ ਸੇਵਾ ਕੀਤੀ ਹੈ।

ਗਿਆਨੀ ਜੀ ਨੇ ਕਲਾਸੀਕਲ ਸੰਗੀਤ ਦੇ ਮੰਨੇ-ਪ੍ਰਮੰਨੇ ਵਿਦਵਾਨ ਭਾਈ ਕਪੂਰ ਸਿੰਘ ਰਾਗੀ (ਅੰਮ੍ਰਿਤਸਰ ਵਾਲਿਆਂ) ਤੋਂ, ਜੋ ਉਸ ਸਮੇਂ ਮਹਾਰਾਜਾ ਪਟਿਆਲਾ ਦੀ ਪ੍ਰੇਰਣਾ ਨਾਲ ਸੰਗੀਤ ਦਾ ਇਕ ਗ੍ਰੰਥ ਰਚ ਰਹੇ ਸਨ, ਸੰਗੀਤ ਦੀ ਵਿਦਿਆ ਪ੍ਰਾਪਤ ਕੀਤੀ । ਤੀਹ ਕੁ ਵਰ੍ਹਿਆਂ ਦੀ ਛੋਟੀ ਆਯੂ ਵਿਚ ਹੀ ਆਪ ਗਿਆਨੀ ਵਰਿਆਮ ਸਿੰਘ ਰਾਗੀ ਦੇ ਨਾਂ ਨਾਲ ਸਾਰੇ ਮਾਲਵੇ ਵਿਚ ਮਸ਼ਹੂਰ ਹੋ ਗਏ । ਗਿਆਨੀ ਜੀ ਕਲਾਸੀਕਲ ਰਾਗਾਂ ਦੇ ਚੰਗੇ ਗਿਆਤਾ ਸਨ । ਪਰ ਆਮ ਤੌਰ 'ਤੇ ਉਨ੍ਹਾਂ ਦਾ ਕੀਰਤਨ ਨੀਮ ਕਲਾਸੀਕਲ ਧੁਨਾਂ ਤੇ ਹੀ ਅਧਾਰਿਤ ਹੁੰਦਾ ਸੀ, ਜਿਸ ਨੂੰ ਪੜ੍ਹੇ ਲਿਖੇ ਤੇ ਅਨਪੜ੍ਹ, ਸ਼ਹਿਰੀ ਤੇ ਪੇਂਡੂ ਹਰ ਤਰ੍ਹਾਂ ਦੇ ਸਰੋਤੇ ਪਸੰਦ ਕਰਦੇ ਸਨ । ਆਪ ਗੁਰਬਾਣੀ ਦੇ ਚੰਗੇ ਵਿਆਖਿਆਕਾਰ ਵੀ ਸਨ । ਕੀਰਤਨ ਕਰਦੇ ਸਮੇਂ ਕਈ ਵਾਰ ਆਪ ਨਾਲ ਨਾਲ ਸ਼ਬਦ ਦੀ ਵਿਆਖਿਆ ਵੀ ਕਰੀ ਜਾਂਦੇ ਸਨ । ਇਸ ਤਰ੍ਹਾਂ ਆਪ ਦਾ ਕੀਰਤਨ ਬਹੁਤ ਹੀ ਰਸ ਭਿੰਨਾ ਅਤੇ ਪ੍ਰਭਾਵਮਈ ਹੁੰਦਾ ਸੀ । ਉਨ੍ਹਾਂ ਦੇ ਗਾਏ ਕਈ ਸ਼ਬਦ ਕਾਫੀ ਹਰਮਨ ਪਿਆਰੇ ਹੋਏ ਹਨ, ਜਿਵੇਂ ਸਰਨੀ ਆਇਓ ਨਾਥ-ਨਿਧਾਨ (ਰਾਗ ਕੇਦਾਰ ਵਿਚ) 'ਦੇਖ ਫੂਲ-ਫੂਲੇ' (ਰਾਗ ਬਸੰਤ ਵਿਚ), 'ਸਿਆਮ ਸੁੰਦਰ ਤਜ ਨੀਂਦ ਕਿਉਂ ਆਈ' (ਸੂਹੀ ਰਾਗ ਵਿਚ ਅਤੇ 'ਦੇਹ ਸੰਦੇਸਰੋ ਕਹੀਓ ਪ੍ਰਿਆ-ਕਹੀਓ' (ਰਾਗ ਜੈਤਸਰੀ ਵਿਚ) ਪੜ੍ਹੇ-ਲਿਖੇ ਅਤੇ ਉੱਚ ਤਬਕੇ ਦੇ ਲੋਕ ਇਨ੍ਹਾਂ ਨੂੰ ਆਪਣੇ ਸਮਾਗਮਾਂ ਵਿਚ ਕੀਰਤਨ ਲਈ ਬੜੀ ਸ਼ਰਧਾ ਨਾਲ ਬੁਲਾਉਂਦੇ ਸਨ । ਗਿਆਨੀ ਜੀ ਸੰਨ 1937 ਵਿਚ ਕੀਰਤਨ ਦੀ ਸੇਵਾ ਹਿਤ ਅਫਰੀਕਾ (ਦਾਰੁਸਲਮ) ਵੀ ਗਏ ਲੇਕਿਨ ਦਾਰੁਸਲਮ ਦਾ ਪੌਣ-ਪਾਣੀ ਰਾਸ ਨਾ ਆਉਣ ਦੇ ਫਲਸਰੂਪ ਉਨ੍ਹਾਂ ਨੂੰ 1938 ਵਿਚ ਵਾਪਸ ਆਉਣਾ ਪਿਆ । ਕੁਝ ਸਮਾਂ ਇਨ੍ਹਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਦੀ ਸੇਵਾ ਨਿਭਾਈ । ਇਨ੍ਹਾਂ ਦਾ ਰਾਗੀ ਜਥਾ ਇਤਨਾ ਜ਼ਿਆਦਾ ਪ੍ਰਸਿੱਧ ਹੋ ਗਿਆ ਸੀ ਕਿ ਦਿੱਲੀ ਕਲਕੱਤਾ, ਬੰਬਾਈ, ਮਦਰਾਸ, ਪੂਨਾ, ਰਾਂਚੀ, ਟਾਟਾ ਨਗਰ, ਗੋਰਖਪੁਰ ਅਤੇ ਕਾਨਪੁਰ ਆਦਿ ਸ਼ਸਿਹਿਰਾਂ ਦੀਆਂ ਸੰਗਤਾਂ ਇਨ੍ਹਾਂ ਨੂੰ ਕੀਰਤਨ ਲਈ ਬੁਲਾਉਂਦੀਆਂ ਰਹਿੰਦੀਆਂ ਸਨ । —ਡਾ: ਇੰਦਰ ਸਿੰਘ ਟਿਵਾਣਾ

# ਹੈੱਡ ਰਾਗੀ ਭਾਈ ਸੁਖਦੇਵ ਸਿੰਘ

ਵਿਆਖਿਆ ਸਹਿਤ ਕੀਰਤਨ ਕਰਨ ਵਾਲੇ ਰਾਗੀ ਜਥੇ ਦੇ ਮੁੱਖ ਰਾਗੀ ਭਾਈ ਸੁਖਦੇਵ ਸਿੰਘ, ਜੋ ਇਸ ਸਮੇਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਨਵਾਂ ਸ਼ਹਿਰ ਦੇ ਹੈੱਡ ਰਾਗੀ ਹਨ, 1965 ਨੂੰ ਸ੍ਰੀ ਮਾਨ ਸਿੰਘ ਦੇ ਘਰ ਜਨਮੇ। 25 ਵਰ੍ਹਿਆਂ ਦੇ ਨੌਜਵਾਨ ਰਾਗੀ ਨਾਲ ਹਰਮੋਨੀਅਮ 'ਤੇ ਸਾਥ ਦੇ ਰਹੇ ਹਨ ਪਿੰਡ ਜੀਦੋਂਵਾਲ ਦੇ ਹਰਮੇਸ਼ ਸਿੰਘ ਤੇ ਤਬਲੇ ਤੇ ਸਤਪਾਲ ਸਿੰਘ ਡਘਾਮਾ। ਭਾਈ ਸੁਖਦੇਵ ਸਿੰਘ ਦਾ ਪਿੰਡ ਮਾਛੀਵਾੜਾ ਦੇ ਨਜ਼ਦੀਕ ਮਾਣੇਵਾਲ ਹੈ। ਦਸਵੀਂ ਕਲਾਸ ਹਾਈ ਸਕੂਲ ਮਾਛੀਵਾੜਾ ਤੋਂ ਪਾਸ ਕੀਤੀ। ਸਕੂਲ ਵਿਚ ਪੜ੍ਹਦੇ ਸਮੇਂ ਸਕੂਲੀ ਸਟੇਜਾਂ ਤੇ ਮਾਣਕ ਦੀਆਂ ਕਲੀਆਂ ਗਾਉਣ ਦਾ ਸ਼ੌਕ ਸੀ। ਸਕੂਲ ਵਿਚ ਵਧੀਆ ਕਲਾਕਾਰ ਵੀ ਚੁਣਿਆ ਗਿਆ। ਗਾਉਣ ਨਾਲ ਅਲਗੋਜ਼ੇ ਵਜਾਉਣ ਦਾ ਵੀ ਕਾਫੀ ਸ਼ੌਂਕ ਸੀ। 1985 ਵਿਚ ਗੁਰਪਾਲ ਪਾਲ ਨਾਲ ਆਕਾਸ਼ਬਾਣੀ ਜਲੰਧਰ ਤੇ ਅਲਗੋਜ਼ੇ ਵਜਾਉਣੇ ਉਸਤਾਦ ਸਵਰਨ ਸਿੰਘ ਮਾਹੀ ਤੋਂ ਸਿੱਖੇ।

ਕੀਰਤਨ ਵੱਲ ਰੁਝਾਨ ਵੇਖਦੇ ਹੋਏ ਪੰਡਿਤ ਜੋਗਿੰਦਰ ਸਿੰਘ ਨੇ ਭਾਈ ਸੁਖਦੇਵ ਸਿੰਘ ਨੂੰ ਪ੍ਰੋ. ਬਲਵੀਰ ਸਿੰਘ ਨੀਲਮ ਪਾਸ ਭੇਜਿਆ ਜਿਥੋਂ ਉਸ ਨੇ ਸੰਗੀਤ ਦੀ ਐਮ. ਏ. ਕੀਤੀ। ਬਹੁਤ ਸਾਰੇ ਕੀਰਤਨ ਦਰਬਾਰਾਂ ਵਿਚ ਆਪਣੀ ਮਧੁਰ ਆਵਾਜ਼ ਨਾਲ ਸੰਗਤਾਂ ਨੂੰ ਕੀਲਿਆ। 1984 ਵਿਚ ਕੀਰਤਨ ਕਰਨ ਲਈ ਇੰਗਲੈਂਡ ਵਿਚ ਗਏ ਜਿੱਥੇ ਇਕ ਸਾਲ ਦੋ ਮਹੀਨੇ ਕੀਰਤਨ ਪ੍ਰੇਮੀਆਂ ਨੂੰ ਆਪਣੇ ਰਸਮਈ ਕੀਰਤਨ ਨਾਲ ਨਿਹਾਲ ਕਰਦੇ ਰਹੇ। ਕੀਰਤਨ ਦੇ ਨਾਲ ਨਾਲ ਸੁਖਦੇਵ ਸਿੰਘ ਨੂੰ ਚੰਗਾ ਸਾਹਿਤ ਪੜ੍ਹਨ ਦਾ ਵੀ ਸ਼ੌਕ ਹੈ।

1985 ਵਿਚ ਭਾਈ ਸਾਹਿਬ ਦਾ ਵਿਆਹ ਪਟਿਆਲਾ ਜ਼ਿਲੇ ਵਿਚ ਪੈਂਦੇ ਪਿੰਡ ਆਲਮਪੁਰ ਦੀ ਪਰਮਜੀਤ ਕੌਰ ਨਾਲ ਹੋਇਆ। ਉਨ੍ਹਾਂ ਦੀ ਪਤਨੀ ਨੂੰ ਕੀਰਤਨ ਸੁਣ ਕੇ ਆਪਣੇ ਪਤੀ ਤੋਂ ਕਾਫੀ ਖੁਸ਼ੀ ਪ੍ਰਾਪਤੀ ਹੁੰਦੀ। ਉਹ ਦੋ ਲੜਕੀਆਂ ਦੇ ਬਾਪ ਹਨ। ਬਾਣੀ ਤੇ ਰਾਗਾਂ ਬਾਰੇ ਸੁਖਦੇਵ ਸਿੰਘ ਨੂੰ ਕਾਫੀ ਜਾਣਕਾਰੀ ਹੈ। ਭਾਈ ਸਾਹਿਬ ਭਾਈ ਗੁਰਮੇਲ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ, ਭਾਈ ਦੀਦਾਰ ਸਿੰਘ ਰਾਗੀ, ਪ੍ਰੋ ਬਲਬੀਰ ਸਿੰਘ ਨੀਲਮ ਨੂੰ ਚੰਗੇ ਰਾਗੀਆਂ ਦੀ ਲਾਈਨ ਵਿਚ ਖੜ੍ਹੇ ਕਰਦਾ ਹੈ। ਭਵਿੱਖ ਵਿਚ ਉਨ੍ਹਾਂ ਤੋਂ ਕਾਫੀ ਆਸਾਂ ਰੱਖੀਆਂ ਜਾਂਦੀਆਂ ਹਨ।

—ਤ੍ਰਿਲੋਚਨ ਪਠਲਾਵਾ

# ਗੁਰਬਾਣੀ ਸੰਗੀਤ ਅਤੇ ਕੀਰਤਨ ਸਮਾਚਾਰ

## ਜਪਾਨੀ ਸੰਗੀਤ ਅਤੇ ਸਾਜ਼-ਕੋਤੋ

—ਡਾ: ਜਾਗੀਰ ਸਿੰਘ

'ਕੋਤੋ' ਜਪਾਨ ਦਾ ਸਭ ਤੋਂ ਮਹਿੰਗਾ ਸਾਜ਼ ਹੈ। ਇਸ ਦੀ ਕੀਮਤ ਲਗਭਗ ਪੈਂਤੀ ਲੱਖ ਰੁਪਏ ਹੈ। ਭਾਵੇਂ ਜਪਾਨ ਨੇ ਇਲੈਕਟ੍ਰਾਨਿਕ ਆਟੋਮੈਟਿਕ ਸਾਜ਼ ਬਲਾਉਣ 'ਚ ਬਹੁਤ ਪ੍ਰਸਿੱਧੀ ਹਾਸਲ ਕੀਤੀ ਹੈ ਪਰ ਉਥੇ ਵੀ ਮਨੁੱਖੀ ਹੱਥ ਅਤੇ ਮਨੁੱਖ ਦੀ ਪ੍ਰਤਿਭਾ ਨਾਲ ਪੈਦਾ ਹੋਣ ਵਾਲੇ ਸੰਗੀਤ ਨੂੰ ਸੁਣਨ ਲਈ ਬੇਹੱਦ ਸ਼ੌਕ ਹੈ।

ਜਪਾਨ ਦੇ ਦਰਬਾਰੀ ਸੰਗੀਤ ਨੂੰ ਗਾਗਕੁ ਕਿਹਾ ਜਾਂਦਾ ਹੈ। ਇਸ ਸੰਗੀਤ ਨੂੰ ਜਪਾਨੀ ਸਮਾਜ ਵਿਚ ਬਹੁਤ ਉਚੀ ਥਾਂ ਹਾਸਲ ਹੈ। ਇਸ ਨੂੰ ਸੁਣਨ ਲਈ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਹਨ।

ਦੱਸਿਆ ਜਾਂਦਾ ਹੈ ਕਿ ਜਪਾਨ ਦਾ ਪ੍ਰਸਿੱਧ ਸਾਜ਼ ਕੋਤੋ 710 ਈ. ਵਿਚ ਜਪਾਨ ਪੁੱਜਿਆ। 749 ਈ. ਜਦੋਂ ਬੁੱਧ ਧਰਮ ਦਾ ਪ੍ਰਚਾਰ ਹੋ ਗਿਆ ਤਾਂ ਮਹਾਤਮਾ ਬੁੱਧ ਦੀ ਇਕ ਵੱਡੀ ਅਕਾਰੀ ਮੂਰਤੀ ਨਾਰਾ ਨਗਰ ਦੇ ਤੋਦਾਇਜ਼ ਮੰਦਰ ਵਿਚ ਸਥਾਪਤ ਕੀਤੀ ਗਈ। ਉਸ ਸਮੇਂ ਮੰਤਰ ਗਾਉਣ ਲਈ ਜੋ ਸੰਗੀਤ ਪੇਸ਼ ਕੀਤਾ ਗਿਆ ਉਸ ਵਿਚ ਵੀ. ਕੋਤੋ ਸਾਜ਼ ਵਜਾਇਆ ਗਿਆ ਸੀ।

'ਕੋਤੋ' ਦੀ ਸ਼ਕਲ ਲੇਟੇ ਹੋਏ ਡਰੈਗਾਨ ਵਰਗੀ ਹੈ। ਇਸ ਦੀ ਲੰਬਾਈ 190 ਸੈਂਟੀਮੀਟਰ, ਚੌੜਾਈ 30 ਸੈਂਟੀਮੀਟਰ ਅਤੇ ਉਚਾਈ 5 ਸੈਂਟੀਮੀਟਰ ਹੈ। ਇਸ ਵਿਚ ਰੇਸ਼ਮ ਦੀਆਂ 13 ਤਾਰਾਂ ਹੁੰਦੀਆਂ ਹਨ। ਹੱਥ ਵਿਚ ਹਾਥੀ ਦੰਦ ਦੀਆਂ 3 ਮਿਜਰਾਬਾਂ ਪਾ ਕੇ ਵਜਾਇਆ ਜਾਂਦਾ ਹੈ।

ਕੋਤੋ ਵਜਾਉਣ ਵਾਲੇ ਕਈ ਘਰਾਣੇ ਹਨ ਪਰ ਇਨ੍ਹਾਂ ਵਿੱਚੋਂ ਦੋ ਘਰਾਣੇ ਯਮਾਦਾ ਅਤੇ ਇਰੁੱਤਾ ਬਹੁਤ ਪ੍ਰਸਿੱਧ ਹਨ। ਕੋਤੋ ਉਤੇ ਵਜਾਉਣ ਵਾਲੀਆਂ ਬੰਦਸ਼ਾਂ ਨੂੰ ਰੋਰੁਦਾਨ, ਹਾਚਿਦਾਨ, ਮਿਦਾਰੇ ਆਦਿ ਕਿਹਾ ਜਾਂਦਾ ਹੈ। ਕੋਤੋ ਅਤੇ ਭਾਰਤੀ ਸਿਤਾਰ ਦੀ ਜੁਗਲਬੰਦੀ ਵੀ ਹੋਈ ਹੈ। ਇਨ੍ਹਾਂ ਦੋਹਾਂ ਸਾਜ਼ਾਂ ਨੂੰ ਇਕੱਠਿਆਂ ਸਣਨ ਦਾ ਇਕ ਅੱਲੋਕਕ ਅਨੰਦ ਹੈ। □

ਕੀਰਤਨ ਕੈਸਿਟ

# ਗੁਰੂ ਰਾਮਦਾਸ ਰਾਖਹੁ ਸਰਣਾਈ

ਐਚ. ਐਮ. ਵੀ. ਨੇ ਕੀਰਤਨ ਦਰਬਾਰ ਸਭਾ ਫਰੀਦਕੋਟ ਨਾਲ ਮਿਲ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਚੋਣਵੇਂ ਸ਼ਬਦਾਂ ਦਾ ਇਕ ਐਲ. ਪੀ. ਰਿਕਾਰਡ ਤਿਆਰ ਕੀਤਾ ਸੀ। ਇਸ ਕੀਰਤਨ ਨੂੰ ਹੁਣ ਕੈਸੇਟ ਰੂਪ ਦੇ ਕੇ ਸੰਗਤਾਂ ਲਈ ਪੇਸ਼ ਕਰਕੇ ਇਕ ਸਲਾਘਾਯੋਗ ਕੰਮ ਕੀਤਾ ਗਿਆ ਹੈ।

ਇਸ ਕੈਸੇਟ ਦੀ ਭੂਮਿਕਾ ਵਜੋਂ ਕੁਝ ਵਾਕ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਗੁਰਬਚਨ ਸਿੰਘ ਤਾਲਿਬ ਹੋਰਾਂ ਨੇ ਰਿਕਾਰਡ ਕਰਵਾਏ ਹਨ। ਪਹਿਲਾ ਸ਼ਬਦ-'ਗੁਰੂ ਰਾਮਦਾਸ ਰਾਖਹੁ ਸਰਣਾਈ'—ਕੀਰਤ ਭੱਟ ਦੀ ਰਚਨਾ ਹੈ। ਇਹ ਸ਼ਬਦ ਗੁਰੂ ਰਾਮਦਾਸ ਜੀ ਦੀ ਉਸਤਤੀ ਵਿਚ ਉਚਾਰਨ ਕੀਤਾ ਗਿਆ ਹੈ। ਦੂਸਰਾ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਉਸਾਰੇ ਨਗਰ ਅੰਮ੍ਰਿਤਸਰ, ਜਿਸ ਨੂੰ ਉਦੋਂ ਚੱਕ ਰਾਮਦਾਸ ਪੁਰ ਕਿਹਾ ਜਾਂਦਾ ਸੀ, ਦੀ ਉਸਤਤੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰਨ ਕੀਤਾ ਹੈ। 'ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ'— ਇਨ੍ਹਾਂ ਸ਼ਬਦਾਂ ਦਾ ਗਾਇਨ ਬੜੇ ਸੁਚੱਜੇ ਢੰਗ ਨ ਲ ਭਾਈ ਬਖਸ਼ੀਸ਼ ਸਿੰਘ ਵੱਲੋਂ ਕੀਤਾ ਹੋਇਆ ਹੈ।

ਗੁਰੂ ਰਾਮਦਾਸ ਜੀ ਦੇ ਚਾਰ ਸ਼ਬਦ ਗਾਇਨ ਕੀਤੇ ਗਏ ਹਨ। ਪ੍ਰਸਿੱਧ ਰਾਗੀ ਜਥਾ ਭਾਈ ਤ੍ਰਿਲੋਚਨ ਸਿੰਘ ਨੇ ਦੋ ਸ਼ਬਦਾਂ ਦਾ ਗਾਇਨ ਕੀਤਾ ਹੈ :—

1. ਗੁਰਸਿੱਖ ਮੀਤ ਚਲਹੁ ਗੁਰ ਚਾਲੀ।
2. ਅਬ ਹਮ ਚਲੀ ਠਾਕਰ ਪਹਿ ਹਾਰ।

ਭਾਈ ਹਰਬੰਸ ਸਿੰਘ ਹੋਰਾਂ ਵੱਲੋਂ ਹੇਠ ਲਿਖੇ ਦੋ ਸ਼ਬਦਾਂ ਦਾ ਗਾਇਨ ਕੀਤਾ ਗਿਆ ਹੈ :—

1. ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ।
2. ਉਦਮ ਕਰੇ ਭਲਕੇ ਪਰਭਾਤੀ।

ਇਸ ਕੈਸੇਟ ਵਿਚ ਸੰਗੀਤ ਕੇ. ਐਸ. ਨਰੂਲਾ ਹੋਰਾਂ ਨੇ ਦਿੱਤਾ ਹੈ ਅਤੇ ਨਿਗਰਾਨੀ ਸ੍ਰੀ ਜੋਧ ਸਿੰਘ ਅਤੇ ਪ੍ਰੋਫੈਸਰ ਗੁਰਚਰਨ ਸਿੰਘ ਹੋਰਾਂ ਕੀਤੀ ਹੈ।

ਭਾਵੇਂ ਇਸ ਕੈਸੇਟ ਵਿਚ ਨਿਰਧਾਰਿਤ ਰਾਗਾਂ ਦੀ ਕਲਾਸੀਕਲ ਸ਼ੈਲੀ ਦੀ ਘਾਟ ਰੜਕਦੀ ਹੈ ਪਰ ਫਿਰ ਵੀ ਅਜੋਕੇ ਸਮੇਂ ਵਿਚ ਫਿਲਮੀ ਤਰਜਾਂ ਉਤੇ ਕੀਤੇ ਕੀਰਤਨ ਤੋਂ ਵਧ ਚੰਗੇਰਾ ਅਤੇ ਭਾਵਪੂਰਤ ਕੀਰਤਨ ਪੇਸ਼ ਕੀਤਾ ਗਿਆ ਕੇ। —ਡਾ. ਜਾਗੀਰ ਸਿੰਘ

# ਰਾਮ ਨਾਮ ਗੁਣ ਗਾਇ ਲੇ ਮੀਤਾ

ਸੁਰੀਲੇ ਰਾਗੀ ਭਾਈ ਹਰਜਿੰਦਰ ਸਿੰਘ ਦੀ ਨਵੀਂ ਕੀਰਤਨ-ਕੈਸਿਟ 'ਰਾਮ ਨਾਮ ਗੁਣ ਗਾਇ ਲੇ ਮੀਤਾ' ਸੁਣ ਕੇ ਅਹਿਸਾਸ ਜਾਗਦਾ ਹੈ ਕਿ ਕੀਰਤਨ ਵਿਚ ਲੋਕ-ਤਰਜ਼ਾਂ ਦੀ ਵਰਤੋਂ ਕਰਨ ਵਾਲੇ ਹੀ ਮਨ ਦੀਆਂ ਤਾਰਾਂ ਛੇੜਨ ਦੇ ਕਾਬਲ ਹੋ ਸਕਦੇ ਨੇ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਨੂੰ 'ਰਾਗ-ਯੁੱਧ' ਬਣਾਉਣ ਦੀ ਥਾਂ ਭਾਈ ਹਰਜਿੰਦਰ ਸਿੰਘ ਨੇ ਰਾਗਾਂ ਨੂੰ ਆਪਣੇ ਗਲੇ ਦੇ ਰਸ ਵਿਚ ਗੁੰਨ ਕੇ ਬਾਣੀ ਗਾਇਨ ਕੀਤਾ ਹੈ।

ਪਹਿਲੀ ਦਿਸ਼ਾ ਦਾ ਪਹਿਲਾਂ ਸ਼ਬਦ 'ਰਾਮ ਨਾਮ ਗੁਣ ਗਾਇ ਲੇ ਮੀਤਾ' ਅਤੇ ਦੂਸਰਾ ਸ਼ਬਦ 'ਅਬ ਕਲੂ ਆਇਓ ਰੇ' ਮਨ ਨੂੰ ਤਰੰਗਿਤ ਕਰਨ ਦੇ ਸਮਰੱਥ ਹਨ। ਦੂਸਰਾ ਸ਼ਬਦ 'ਅਬ ਕਲੂ ਆਇਓ ਰੇ, ਇਕ ਨਾਮ ਬੋਵੈ ਬੋਵੈ' ਬਸੰਤ ਰਾਗ ਵਿਚ ਹੈ। ਇਸ ਨੂੰ ਸੁਣ ਕੇ ਸਮੁੱਚੀ ਕਾਇਨਾਤ ਵਿਚਲਾ ਖੇੜਾ ਤੁਹਾਡੇ ਮਨ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਹਰਿਆਵਲ ਤੇ ਫੁੱਲਾਂ ਨਾਲ ਭਰੀ ਬਸੰਤ ਰੁੱਤ ਦਾ ਉਸਾਰ ਹੈ ਇਸ ਸ਼ਬਦ ਵਿਚ ਇਹ ਹਾਸਲ ਥੋੜ੍ਹੇ ਰਾਗੀਆਂ ਨੂੰ ਹੈ ਕਿ ਉਹ ਵਕਤ ਨੂੰ ਬੰਨ੍ਹ ਕੇ ਤੁਹਾਡੇ ਸਨਮੁਖ ਗਾਇਨ ਰਾਹੀਂ ਪੇਸ਼ ਕਰ ਸਕਣ।

ਦੂਸਰੇ ਪਾਸੇ ਪਹਿਲਾ ਸ਼ਬਦ 'ਬੀਤ ਜੈਹੈ, ਬੀਤ ਜੈਹੈ' ਅਤੇ 'ਬਹੁਤੇ ਫੇਰ ਪਏ ਕਿਰਪਨ ਕਉ', ਅਬ ਕਿਛੁ ਕਿਰਪਾ ਕੀਜੈ' ਦੂਸਰਾ ਹੈ। ਇਹ ਦੋਵੇਂ ਸ਼ਬਦ ਵੀ ਪਹਿਲੇ ਪਾਸੇ ਵਾਲੇ ਸ਼ਬਦਾਂ ਵਾਂਗ ਮਾਹੌਲ ਸਿਰਜਦੇ ਨੇ।

ਗੁਰਬਾਣੀ ਨਾਲ ਸਬੰਧਤ ਕੈਸਿਟਾਂ ਗਾਉਣ ਅਤੇ ਭਰਨ ਵਾਲਿਆਂ ਦੀ ਭਰਮਾਰ ਹੈ। ਬਹੁਤੀਆਂ ਕੰਪਨੀਆਂ ਕੋਲ ਜਟਕਾ ਸੌਦਾ ਹੈ ਕਿ ਰਾਗੀ ਦੀ ਫੋਟੋ ਟਾਈਟਲ ਤੇ ਚੇਪ ਦਿਓ, ਸ਼ਬਦ ਦਾ ਨਾਮ ਲਿਖ ਦਿਓ ਪਰ ਅੰਮ੍ਰਿਤ ਰਸ ਨੇ ਇੰਜ ਨਹੀਂ ਕੀਤਾ। ਰੈਪਰ ਤੇ ਸ਼ਬਦ ਦੇ ਨਾਲ ਹੀ ਰਾਗ ਦਾ ਨਾਮ ਹੈ, ਜਿਸ ਗੁਰੂ ਸਾਹਿਬ ਦੀ ਬਾਣੀ ਹੈ ਉਸ ਨੂੰ ਮਹੱਲਾ ਨੰਬਰ ਨਾਲ ਸਪੱਸ਼ਟ ਕੀਤਾ ਹੈ। ਨਾਲ ਹੀ ਇਹ ਵੀ ਕਿ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸ ਪੰਨੇ ਤੇ ਅੰਕਿਤ ਹੈ। ਇਹ ਸਮੁੱਚਾ ਵਿਸਥਾਰ ਦੱਸਣ ਨਾਲ ਸਰੋਤਾ ਬਾਣੀ ਦੇ ਸਰੋਤ ਤੇ ਮਾਹੌਲ ਨਾਲ ਜੁੜਦਾ ਹੈ।

# ਦੀਵਾਲੀ ਦੀ ਰਾਤ

ਪਿਛਲੇ ਦਸ ਕੁ ਵਰ੍ਹਿਆਂ ਤੋਂ ਕੈਸਿਟਾਂ ਆਮ ਹੋ ਜਾਣ ਕਰਕੇ ਨਿੱਤ ਨਵੇਂ ਰਾਗੀ, ਕੀਰਤਨੀਏ ਤੇ ਗਾਇਕ ਆਪਣੇ ਤਿਲਫੁੱਲ ਲੈ ਕੇ ਹਾਜ਼ਰ ਹੁੰਦੇ ਨੇ। ਗੁਰਬਾਣੀ ਗਾਇਨ ਵਿਚ ਨਵੇਂ ਨਵੇਲੇ ਨਾਮ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਤੋਂ ਮਗਰੋਂ ਉਸੇ ਲੀਹ ਤੇ ਤੁਰਦੇ ਸੰਤ ਅਨੂਪ ਸਿੰਘ ਊਨਾ ਸਾਹਿਬ ਵਾਲੇ ਪਿਛਲੇ ਦੋ ਸਾਲਾਂ ਵਿਚ ਚੰਗਾ ਕੱਦ ਕੱਢ ਆਏ ਹਨ। ਗੁਰਬਾਣੀ ਗਾਇਨ ਕਰਦੇ ਹੋਏ ਰਸ-ਵਿਲੀਨ ਹੋ ਕੇ ਥੋੜ੍ਹੇ ਰਾਗੀ ਹੀ ਪੇਸ਼ ਹੁੰਦੇ ਨੇ। ਅਨੂਪ ਸਿੰਘ ਰਸ-ਵਿਭੋਰ ਹੋ ਕੇ ਹੀ ਕੀਰਤਨ ਕਰਦੇ ਹਨ, ਰ੍ਰਿਕਾਰਡ ਕੈਸਿਟਾਂ ਵਿਚੋਂ ਵੀ ਪੂਰਾ ਗੁਰਬਾਣੀ-ਰਸ ਸਰੋਤਿਆਂ ਦੇ ਪੱਲੇ ਪੈਂਦਾ ਹੈ। ਰਾਗ-ਵਿਦਿਆ ਦੇ ਗਿਆਤਾ ਹੋਣ ਕਰਕੇ ਹੀ ਆਪ ਲੋਕ-ਤਰਜ਼ਾਂ ਨੂੰ ਆਪਣੇ ਗੁਰਬਾਣੀ ਸ਼ਬਦ ਗਾਇਨ ਸਮੇਂ ਬਾਖ਼ੂਬੀ ਵਰਤ ਜਾਂਦੇ ਹਨ।

'ਦੀਵਾਲੀ ਦੀ ਰਾਤ' ਸੰਤ ਅਨੂਪ ਸਿੰਘ ਦੀ ਤਾਜ਼ਾ ਰਿਲੀਜ਼ ਕੈਸਿਟ ਹੈ। ਇਸ ਵਿਚ ਛੇ ਸ਼ਬਦ ਨੇ। ਸੰਤ ਅਨੂਪ ਸਿੰਘ ਜੀ ਦੀ ਪਹਿਲੀ ਕੈਸਿਟ 'ਗੁਣ ਗਾਵਾਂ ਦਿਨ ਰਾਤ' ਤੋਂ ਮਗਰੋਂ ਉਨ੍ਹਾਂ ਦੀਆਂ ਲਗਪਗ 10 ਕੈਸਿਟਾਂ ਰਿਲੀਜ਼ ਹੋ ਚੁੱਕੀਆਂ ਹਨ ਪਰ 'ਦੀਵਾਲੀ ਦੀ ਰਾਤ' ਅਜਿਹੀ ਕੈਸਿਟ ਹੈ ਜਿਸ ਵਿਚ ਉਨ੍ਹਾਂ ਨੇ ਬੜਾ ਟਿਕ ਕੇ ਚਿਰਜੀਵੀ ਗਾਇਨ ਕੀਤਾ ਹੈ। ਪਹਿਲਾ ਸ਼ਬਦ 'ਗੁਰਿ ਪੂਰੈ ਦੀਓ ਰੰਗ ਲਾਏ' ਹੈ, ਦੂਜਾ 'ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ' ਅਤੇ ਤੀਸਰਾ 'ਕਿਆ ਸੋਵਹ ਨਾਮੁ ਵਿਸਾਰ ਗਾਫਲ ਗਹਿਲਿਆ' ਹੈ। ਏ ਦਿਸ਼ਾ ਦੇ ਇਹ ਤਿੰਨੇ ਸ਼ਬਦ ਜਗਿਆਸੂ ਨੂੰ ਗੁਰੂ ਦੇ ਲੜ ਲੱਗਣ ਦਾ ਸੁਨੇਹਾ ਹਨ। ਮਗਰੋਂ ਪਛਤਾਵੇ ਦਾ ਕੀ ਲਾਭ ?

ਦਿਸ਼ਾ ਬੀ ਦਾ ਪਹਿਲਾ ਸ਼ਬਦ 'ਗੁਰ ਕੀ ਬਾਣੀ ਸਿਓ ਰੰਗਿ ਲਾਏ' ਹੈ, ਦੂਜਾ 'ਭਿੰਨੀ ਰੈਨੜੀਏ ਚਮਕਨਿ ਤਾਰੇ' ਅਤੇ ਤੀਸਰਾ 'ਦੀਵਾਲੀ ਦੀ ਰਾਤ ਦੀਵੇ ਬਾਲੀਅਨ' ਹੈ। 'ਦੀਵਾਲੀ ਦੀ ਰਾਤ' ਵਾਲਾ ਸ਼ਬਦ ਇਸ ਕੈਸਿਟ ਦਾ ਮੀਰੀ ਸ਼ਬਦ ਹੈ। ਇਸ ਦੇ ਗਾਇਨ ਸਮੇਂ ਲੱਖਾਂ ਚਿਰਾਗ ਸਾਡੇ ਹਨੇਰੇ ਮਨਾਂ ਨੂੰ ਰੁਸ਼ਨਾਉਂਦੇ ਪ੍ਰਤੀਤ ਹੁੰਦੇ ਹਨ।

ਕੈਸਿਟ ਦਾ ਫੀਤਾ ਬੜਾ ਚੰਗਾ ਵਰਤਿਆ ਹੋਣ ਕਰਕੇ ਸ਼ਬਦਾਂ ਨੂੰ ਇਕ ਸਾਰ ਅਨੰਦ ਨਾਲ ਸੁਣ ਸਕਣ। ਇਹੋ ਜਿਹੀਆਂ ਚੰਗੀਆਂ ਕੈਸਿਟਾਂ ਸੁਣ ਕੇ ਮਨ ਧਰਵਾਸ ਫੜਦਾ ਹੈ ਕਿ ਗੁਰਬਾਣੀ ਗਾਇਨ ਦਾ ਭਵਿੱਖ ਉੱਜਲ ਹੈ।

— ਗੁਰਭਜਨ ਗਿੱਲ

# The New Zealand Sikh Connection

– By Seema Kaur
New Zealand

There are about 17 million Sikhs and approximately I million living outside India. They migrated in the beginning of this century to almost every part of the world but the majority settled in the United Kingdom, Canada, the United States, Malaysia, Singapore, Thailand, and Kenya.

The Sikh migration in New Zealand is 100 years old. The first Sikhs to arrive in New Zealand were two brothers, Bir Singh Gill and Phuman Singh Gill. They landed here in about 1890, coming from Australia. Both the brothers died in Palmerston North, Bir Singh in 1921 and Phuman Singh in 1934. There life in New Zealand makes a fascinating story about early Sikh settlers.

Bir Singh, formerly a Policeman in Hong Kong, worked as a herbalist in the King Country and later during World War I, cooked for troops stationed at Trentham camp. Phuman Singh's career proved to be a notable success. He first worked as a hawker in the North Island and finally acquired the sole ownership of a confectionery business. He married an Englsh nurse, Margaret, in 1897 and had four children.

G. H. Roche, the curator of Waikato Historical Society, compiled a report on early Sikh settlers. His description of Indra Singh (correct Punjabi spelling, Inder), an ex-soldier in the British army, as published in The Waikato Times on February 1960, is interesting.

"A striking and colorful presonality who was well known in the Waika to during the first decade of the present century was an Indian Hawker named Indra Singh, who travelled around the district hawking his clothing and goods, and offering them for sale at Maori huis and European fairs.

Indra Singh was at one time, a personal orderly to Field Marshal Lord Robers while the lattear was on service in India.

How Indra Singh came to New Zealand is not known, but it was evident from the character of the goods he offered for sale that he was in touch with wealthy Indian merchants.

Timing his visit to nicety, Indra Singh would arrive at the gathering two days beforehand. He would off-load under some convenient tree, and lay out his wares before the eyes of all and sundry. He was in no haste to do business, but in the art of display, Indra Singh was a past master. He knew the psychological effect of folding red blankets, rainbowhued scatves, yellow and black check trousers and pink silk blouses in such amanner as to arouse the interest and covetousness of prospective purchasers. After viewing the goods, the people would disperse and they could be depended upon to return later with the money with which to acquire the goods they coveted.

The Indian was a highcaste Sikh. His hair and beard were never cut. His beard was parted at the chin and plaited, the two plaits being passed upwards behind his ears and secured under the fold of his turb ·."

A majority of early Sikh settlers worked as hawkers, drain-diggers, flax workers and scrub cutters. Later, they bought dairy-farms and market gardens. The 1971 census reported 382 Sikhs. In 1976, there were just 543 Sikhs, 597 by 1981 and 76 by 19 estimated that at present, there are bout 4000 Sikhs in New Zealand.

The history of Sikh migration in New Zealand can be divided into four distirnct phases. The first phase, 1890-1912, consisted mainly of men who had been employed in the army or police force in either Hong kong or Malysia, Who found their way here via Australia. In the early 1990's many Sikhs also came on route to Fiji orvia Fiji and stayed here. The second phase, 1912-1921, was direct migration from Punjab. Before substantial numbers could arrive, the influx was stoopped by the government in 1920 by passing the Immigration Restriction Amondment Act to haltAsian entry into the country During the third phase, 1921-1940 not much migration took place until after World War II, when immediate families and relatives of those settled here were allowed to enter. From 1941-1970, some small additiions to the migration by marriage from Punjab occurred. The fourth phase indudes the arrival of many unskilled workers and some professionals in the last two decades: These include accountant, doctors; alawyers. computer experts, engineers, and scientists.

The Sikh comniunity in New Zealand represents 100 years of a rich history of immigration, settlement, and growth. It is not uncommon to meet a third generation of New Zealand born Sikhs.

The New Zealand Sikh Society was founded on October 3, 1964. The main objectives of the society are to preach and render instruction to the teachings of Sikhisim; to conduct religious ceremonies; to provide religious services; to promote and foster a better understanding amongst the people of New Zealand about the Sikh religion; to promote harmony amongst the followers of the various religious creeds in New Zealand, to give assistance to the poor and needy: and to promote the Pnnjabi language. The society has no political affiliation in New Zealand or in India. The greatest achievement of the Society is the building of two Gurudwaras, The first was officially opened in Hamilton on May 28, 1977. The second was opened on August 3. 1986 in Auckland.

Sevral Sikh Youth Camps have been held in New Zealand to teach the young Sikhs here about their religion and rich heritage. Today, Sikhisms curshing in the wrowing Sikh comunity of New Zealand. The time, not so long ago, when the numbers of turbanded Sikhs in the whole country could be counted on one hand is over. and now their is a significant noumber of active amritdhari Sikhs. In additon to the two permanent bhaijis, ragfathas and giani jis regularly visit to do kirtan and katha to offer spiritual stimulation to the sangat.

Neh Zealand is one of the more remote parts of the world to which Sikhs have travelled to, but with Waheguru's grace, Sikhi is alive and well here. —0—

---

# Music

Ah, if the Veena weere outside you could hear the music.
But it is inside and we do not hear it
And how much is music Worth that ends with listening ?
Finally the musician the Veena, the music, the listener
are not separate. Look inside, go within
And see who is waiting there for you, —OSHO

# ਰਾਗ ਬਿਲਾਵਲ

—ਕਰਨਬੀਰ ਕੌਰ

ਰਾਗ ਬਿਲਾਵਲ ਬੜਾ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ । ਮੱਧਕਾਲੀ ਅਤੇ ਆਧੁਨਿਕ ਹਰੇਕ ਸੰਗੀਤ ਗ੍ਰੰਥ ਵਿੱਚ ਇਸ ਦਾ ਵਰਨਣ ਮਿਲਦਾ ਹੈ ਜਿਸ ਤੋਂ ਇਸ ਦੇ ਅਤਿਅੰਤ ਲੋਕ ਪ੍ਰਿਯ ਹੋਣ ਬਾਰੇ ਪਤਾ ਲਗਦਾ ਹੈ । ਮੱਧ ਕਾਲੀਨ ਸੰਗੀਤ ਗ੍ਰੰਥਾਂ ਵਿੱਚ ਇਸ ਨੂੰ ਹਿੰਡੋਲ ਦੀ ਰਾਗਣੀ ਅਤੇ ਕਈਆ ਨੇ ਭੈਰਵ ਦਾ ਪੁੱਤਰ ਮੰਨਿਆ ਹੈ । ਪਰ ਗੁਰਮਤਿ ਸੰਗੀਤ ਪ੍ਰਣਾਲੀ ਦੇ ਆਧਾਰ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਇਸ ਨੂੰ 'ਰਾਗ ਬਿਲਾਵਲ' ਹੀ ਲਿਖਿਆ ਹੈ ।

ਸਾਰੇ ਵਿਦਵਾਨਾਂ ਨੇ ਇਸ ਰਾਗ ਦੀ ਰਚਨਾ ਥਾਟ ਬਿਲਾਵਲ ਤੋਂ ਮੰਨੀ ਹੈ । ਇਹ ਆਪਣੇ ਥਾਟ ਦਾ ਮੁੱਖ ਅਤੇ ਜਨਯ ਰਾਗ ਹੈ । ਇਸ ਵਿੱਚ ਸਾਰੇ ਸਵਰ ਸ਼ੁਧ ਲਗਦੇ ਹਨ । ਕਦੀ ਕਦੀ ਧੈਵਤ ਦੇ ਨਾਲ ਕੋਮਲ ਨਿਸ਼ਾਦ ਕਣ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ । ਇਸ ਰਾਗ ਦਾ ਗਾਇਨ ਅਤੇ ਵਾਦਨ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ । ਕਿਉਂਕਿ ਇਹ ਰਾਗ ਕਲਿਆਣ ਵਰਗਾ ਸ਼ੁਧ ਰਾਗ ਹੈ ਜਿਸ ਕਰਕੇ ਕਈ ਵਿਦਵਾਨ ਇਸ ਰਾਗ ਨੂੰ ਸਵੇਰ ਦਾ ਕਲਿਆਣ ਵੀ ਕਹਿ ਦਿੰਦੇ ਹਨ । ਇਹ ਉਤਰਾਂਗ ਪ੍ਰਧਾਨ ਰਾਗ ਹੈ । ਇਸ ਰਾਗ ਦਾ ਵਾਦੀ ਸਵਰ ਧੈਵਤ ਅਤੇ ਸੰਵਾਦੀ ਸਵਰ ਗੰਧਾਰ ਹੈ । ਇਸ ਰਾਗ ਦੀ ਜਾਤੀ ਬਾਰੇ ਕੁਝ ਵਿਦਵਾਨਾਂ ਵਿੱਚ ਮਤਭੇਦ ਹਨ ਪਰ ਕ੍ਰਿਆਤਮਕ ਦ੍ਰਿਸ਼ਟੀਕੋਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਦੀ ਜਾਤੀ ਸ਼ਾੜਵ-ਵਕਟ-ਸੰਪੂਰਣ ਹੀ ਕਹਿਣੀ ਉਚਿਤ ਹੈ ਕਿਉਂਕਿ ਆਰੋਹ ਵਿੱਚ ਮਧੱਮ ਪੂਰੀ ਤਰ੍ਹਾਂ ਵਰਜਿਤ ਹੈ ਅਤੇ ਅਵਰੋਹ ਵਿੱਚ ਸਾਰੇ ਸਵਰ ਵਕਰ ਲਗਦੇ ਹਨ । ਇਸ ਰਾਗ ਦੀ ਪ੍ਰਕ੍ਰਿਤੀ ਸਾਂਤ ਹੈ । ਇਸ ਦਾ ਸਮ ਪ੍ਰਕ੍ਰਿਤਕ ਰਾਗ ਇਲਹੀਆ ਬਿਲਾਵਲ ਹੈ ।

## ਸ਼ਬਦ

ਬਿਲਾਵਲ ਮਹਲਾ ੫ (8੍4)

ਧੀਰਉ ਦੇਖਿ ਤੁਮਾਰੇ ਰੰਗਾ ॥
ਤੁਹੀ ਸੁਆਮੀ ਅੰਤਰਜਾਮੀ, ਤੂ ਹੀ ਵਸਹਿ ਸਾਧ ਕੈ ਸੰਗਾ ॥੧॥ ਰਹਾਉ ॥
ਖਿਨ ਮਹਿ ਥਾਪਿ ਨਿਵਾਜੇ ਠਾਕੁਰ, ਨੀਚ ਕੀਟ ਤੇ ਕਰਹਿ ਰਾਜੰਗਾ ॥੧॥
ਕਬਹੂ ਨ ਬਿਸਰੈ ਹੀਏ ਮੋਰੇ ਤੇ, ਨਾਨਕ ਦਾਸ ਇਹੀ ਦਾਨੁ ਮੰਗਾ ॥੨॥੧੫॥੧੧੦

ਅਰਥ :—ਹੇ ਪ੍ਰਭੂ ! ਤੇਰੇ ਚੋਜ-ਤਮਾਸ਼ੇ ਵੇਖ ਕੇ ਮੈਨੂੰ (ਭੀ) ਹੌਸਲਾ ਬਣ ਰਿਹਾ ਹੈ (ਕਿ ਤੂੰ ਮੇਰੀ ਭੀ ਸਹਾਇਤਾ ਕਰੇਂਗਾ) । ਤੂੰ ਹੀ (ਸਾਡਾ) ਮਾਲਕ ਹੈਂ, ਤੂੰ ਹੀ ਸਾਡੇ ਦਿਲ ਦੀ ਜਾਣਨ ਵਾਲਾ ਹੈਂ, ਤੂੰ ਹੀ (ਹਰੇਕ) ਸਾਧੂ-ਜਨ ਦੇ ਨਾਲ ਵੱਸਦਾ ਹੈਂ ॥੧॥ਰਹਾਉ॥

ਹੇ ਮਾਲਕ ! ਤੂੰ ਨੀਵੇਂ ਕੀੜਿਆਂ (ਵਰਗੇ ਨਾਚੀਜ਼ ਬੰਦਿਆਂ ਨੂੰ) ਰਾਜੇ ਬਣਾ ਦੇਂਦਾ ਹੈ । ਇਕ ਖਿਨ ਵਿਚ ਹੀ (ਨੀਵਿਆਂ ਨੂੰ) ਥਾਪਣਾ ਦੇ ਕੇ ਮਾਣ-ਆਦਰ ਵਾਲੇ ਬਣਾ ਦਿੱਤਾ ॥੧॥

ਹੇ ਦਾਸ ਨਾਨਕ ! (ਆਖ ਹੇ ਪ੍ਰਭੂ ! ਮੇਹਰ ਕਰ, ਤੇਰਾ ਨਾਮ) ਮੇਰੇ ਹਿਰਦੇ ਤੋਂ ਕਦੇ ਭੀ ਨਾ ਭੁੱਲੇ) । (ਤੇਰੇ ਦਰ ਤੋਂ) ਮੈਂ ਖੈਰ ਮੰਗਦਾ ਹਾਂ ॥੨॥੧੫॥੧੧੦

# ਰਾਗ ਬਿਲਾਵਲ

ਆਰੋਹ —: ਸ ਰੇ ਗ ਰੇ, ਗ ਪ ਧ ਨੀ ਧ ਸੰ

ਅਵਰੋਹ —: ਸੰ ਨੀ ਧ ਧ ਪ, ਮ ਗ, ਮ ਰੇ, ਸ

ਪਕੜ —: ਗ ਰੇ, ਗ ਪ ਨੀ ਧ ਨੀ ਸੰ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | ਸਥਾਈ | | | | | | ਗ | ਪ | ਗਪ | ਧਸੰ | ਨੀ |
| | | | | | | | | | | | ਧੀ | s | ਰਉ | ss | s |
| ਸੰ | — | ਸੰ | ਸੰਨੀ | ਧਨੀ | ਪ | ਪਧ | ਨੀਸੰ | ਨੀਧ | ਪਮ | ਗ | ਨੀ | ਧ | ਪ | ਗ | ਮ |
| ਦੇ | s | ਖਿ | ਤੁs | ਮੁਾs | ਰੇ | ਰੰs | ss | ss | ਗਾs | s | ਤੂ | s | ਹੀ | s | ਸੁ |
| ਗ | — | ਮ | ਰੇ | ਗ | ਪ | ਗ | ਮ | ਰੇ | ਸ | — | ਸ | ਗ | ਪ | ਨੀਧ | ਨੀ |
| ਆ | s | ਮੀ | s | ਅੰ | s | ਤ | ਰ | ਜਾ | ਮੀ | s | ਤੂ | ਹੀ | ਵ | ਸਹਿ | s |
| ਸੰ | — | ਗੰ | ਰੇਂ | ਸੰ | ਨੀ | ਪ | ਨੀ | ਸੰਨੀ | ਧਪ | ਮਗ | | | | | |
| ਸਾ | s | ਧ | ਕੈ | ਸੰ | s | s | s | ਗਾs | ss | ss | | | | | |
| x | | | | 2 | | | | 0 | | | | | | | |
| | | | | | ਅੰਤਰਾ | | | ਗ | ਗ | ਮ | ਰੇ | ਗ | ਪ | ਧ | ਨੀ |
| | | | | | | | | ਖਿ | ਨ | ਮ | ਹਿ | ਥਾ | s | ਪਿ | ਨਿ |
| ਸੰ | — | ਸੰ | — | ਸੰਨੀ | ਧਨੀ | ਸੰ | ਸੰ | ਸੰ | ਨੀ | ਧ | ਨੀ | ਸੰ | ਸੰ | ਸੰ | — |
| ਵਾ | s | ਜੇ | s | ਠਾs | ss | ਕੁ | ਰ | ਨੀ | s | ਚ | ਕੀ | s | ਟ | ਤੇ | s |
| ਸੰ | ਰੇਂ | ਨੀ | ਸੰ | ਧ | ਨੀ | ਧ | ਪ | ਗ | — | ਮ | ਰੇ | ਗ | ਪ | ਨੀਧ | ਨੀ |
| ਕ | ਰ | ਹਿ | ਰ | ਜੰ | s | ਗਾ | s | ਨੀ | s | ਚ | ਕੀ | s | ਟ | ਤੇs | s |
| ਸੰ | ਸੰ | ਗੰ | ਰੇਂ | ਸੰ | ਨੀ | ਧ | ਨੀ | ਸੰਨੀ | ਧਪ | ਮਗ | | | | | |
| ਕ | ਰ | ਹਿ | ਰ | ਜੰ | s | s | s | ਗਾs | ss | ss | | | | | |
| x | | | | 2 | | | | 0 | | | | 3 | | | |

(ਬਾਕੀ ਅੰਤਰੇ ਇਸੀ ਪ੍ਰਕਾਰ ਹਨ।

## ਗਉੜੀ ਮਹਲਾ ੫

ਮੀਤੁ ਕਰੈ ਸੋਈ ਹਮ ਮਾਨਾ ।
ਮੀਤ ਕੇ ਕਰਤਬ ਕੁਸਲ ਸਮਾਨਾ ॥੧॥

ਏਕਾ ਟੇਕ ਮੇਰੇ ਮਨਿ ਚੀਤ ॥
ਜਿਸੁ ਕਿਛੁ ਕਰਣਾ ਸੁ ਹਮਾਰਾ ਮੀਤੁ ॥੧॥ ਰਹਾਉ

ਮੀਤੁ ਹਮਾਰਾ ਵੇਪਰਵਾਹਾ ॥
ਗੁਰ ਕਿਰਪਾ ਤੇ ਮੋਹਿ ਅਸਨਾਹਾ ॥੨॥

ਮੀਤ ਹਮਾਰਾ ਅੰਤਰਜਾਮੀ ॥
ਸਮਰਥ ਪੁਰਖੁ ਪਾਰਬ੍ਰਹਮ ਸੁਆਮੀ ॥੩॥

ਹਮ ਦਾਸੇ ਤੁਮ ਠਾਕੁਰ ਮੇਰੇ ॥
ਮਾਨੁ ਮਹਤੁ ਨਾਨਕ ਪ੍ਰਭ ਤੇਰੇ ॥੪॥

**ਅਰਥ** :—(ਹੇ ਭਾਈ) ਮੇਰੇ ਮਨ-ਚਿੱਤ ਵਿਚ ਸਿਰਫ ਇਹ ਸਹਾਰਾ ਹੈ ਕਿ ਜਿਸ ਪਰਮ ਤਮਾ ਦੀ ਇਹ ਸਾਰੀ ਰਚਨਾ ਹੈ ਉਹ ਮੇਰਾ ਮਿੱਤਰ ਹੈ ।ਰਹਾਉ।

(ਹੇ ਭਾਈ ! ) ਮੇਰਾ ਮਿੱਤਰ-ਪ੍ਰਭੂ ਜੋ ਕੁਝ ਕਰਦਾ ਹੈ ਉਸ ਨੂੰ ਮੈਂ (ਸਿਰ ਮੱਥੇ ਉਤੇ) ਮੰਨਦਾ ਹਾਂ ਮਿੱਤਰ-ਪ੍ਰਭੂ ਦੇ ਕੀਤੇ ਕੰਮ ਮੈਨੂੰ ਸੁਖਾਂ ਵਰਗੇ (ਪ੍ਰਤੀਤ ਹੁੰਦੇ) ਹਨ ।੧।

(ਹੇ ਭਾਈ ! ) ਮੇਰਾ ਮਿੱਤਰ-ਪ੍ਰਭੂ ਬੇ ਮੁਥਾਜ ਹੈ (ਉਸ ਨੂੰ ਕਿਸੇ ਦੀ ਕੋਈ ਗਰਜ਼ ਨਹੀਂ ਕਾਣ ਨਹੀਂ ਹੈ ਗੁਰੂ ਦੀ ਕਿਰਪਾ ਨਾਲ ਉਸ ਨਾਲ ਮੇਰਾ ਪਿਆਰ ਬਣ ਗਿਆ ਹੈ (ਭਾਵ, ਮੇਰੇ ਨਾਲ ਉਸ ਦੀ ਸਾਂਝ ਇਸ ਵਾਸਤੇ ਨਹੀਂ ਬਣੀ ਕਿ ਉਸ ਨੂੰ ਕੋਈ ਗ਼ਰਜ ਸੀ । ਇਹ ਤਾਂ ਸਤਿਗੁਰੂ ਦੀ ਮਿਹਰ ਹੋਈ ਹੈ ।) ੨ ।

ਮੇਰਾ ਮਿੱਤਰ ਪ੍ਰਭੂ (ਹਰੇਕ ਜੀਵ ਦੇ) ਦਿਲ ਦੀ ਜਾਣਨ ਵਾਲਾ ਹੈ । ਉਹ ਸਭ ਤਾਕਤਾਂ ਦਾ ਮਾਲਕ ਹੈ । ਸਭ ਵਿਚ ਵਿਆਪਕ ਹੈ, ਬੇਅੰਤ ਹੈ, ਸਭ ਦਾ ਮਾਲਕ ਹੈ । ੩ ।

ਹੈ ਨਾਨਕ ! (ਆਖ-) ਹੇ ਪ੍ਰਭੂ । ਤੂੰ ਮੇਰਾ ਮਾਲਕ ਹੈਂ, ਮੈਂ ਤੇਰਾ ਸੇਵਕ ਹਾਂ । ਤੇਰਾ ਸੇਵਕ ਬਣਿਆਂ ਹੀ (ਲੋਕ ਪਰਲੋਕ ਵਿਚ) ਆਦਰ ਮਿਲਦਾ ਹੈ ਵਡਿਆਈ ਮਿਲਦੀ ਹੈ । ੪ ।

# ਰਾਗ ਗਉੜੀ (ਪੂਰਬੀ ਅੰਗ)

— ਸ. ਹਰਿਭਜਨ ਸਿੰਘ

ਪੂਰਵੀ ਅੰਗ | ਰੁਵਾਦੀ | ਸਮਾਂ : ਸ਼ਾਮ ਵੇਲਾ

ਔੜਵ ਖੌੜਵ | ਪ ਸੰਵਾਦੀ | ਆਰੋਹੀ : ਗ ਧੁ ਵਰਜਤ

ਅਵਰੋਹੀ : ਗ ਵਰਜਤ

ਆਰੋਹੀ —: ਸ ਰੁ ਮੇ ਪ ਨ ਸੰ

ਅਵਰੋਹੀ —: ਸੰ ਨ ਧੁ ਪ ਮੇ ਰੁ ਸ ਨ਼ ਸ

ਆਲਾਪ —: ਸ ਰੁ ਸ, ਨ਼ ਸ, ਰੁ ਮ ਪ, ਮ ਰੁ ਸ ਨ਼ ਸ, ਰੁ ਮੇਪ, ਧੁ ਪ, ਨਸੰ,
ਰੁੰ ਮੇਂ ਪੰ ਮੇ ਰੁੰ ਸੰ, ਰੁੰ ਨ ਧੁ ਪ, ਮ ਰੁ ਸ ਨ਼ ਸ,

ਤਿੰਨ ਤਾਲ

| ਮਾਤ੍ਰਾਂ 1 2 3 4 | 5 6 7 8 | 9 10 11 12 | 13 14 15 16 |
|---|---|---|---|
| | ਧਾ ਧਿੰ ਧਿੰ ਧਾ | ਧਾ ਤਿੰ ਤਿੰ ਤਾ | ਤਾ ਧਿੰ ਧਿੰ ਧਾ |
| ਠੇਕਾ ਧਾ ਧਿ ਧਿੰ ਧਾ | | | |
| ਤਾਲੀ + | 2 | 0 | 3 |
| ਅਸਥਾਈ | | — ਮੇ ਗ ਰੁ | ਨ਼ ਰੁ ਗ ਮੰ |
| | | s ਏ s ਕਾ | ਟੇ s ਕ ਮੇ |
| ਪ — ਪ ਪ | ਮੇਗ ਮ ਗਰੇ ਗ | — ਮ ਗ ਰੁਸ | ਸ ਸ ਸ ਨ਼ |
| ਰੈ s ਮ ਨਿ | ਚੀs s ਤs s | s ਜਿਸੁ ਕਿ ਛੁਕ | ਰ ਣਾ ਸੁ ਹ |
| ਨ ਮ ਧੁ ਪ | — ਮੇ ਗ — | | |
| ਮਾ ਰਾ ਮੀ s | s ਤ s s | | |
| x | 2 | | |
| ਅੰਤਰਾ | | — ਮੇ ਗ ਗ | ਮੇ — ਧੁ — |
| | | s ਮੀ ਤੁ ਕ | ਰੇ s ਸੇਂ s |
| ਮੇਧੁ ਨਸੰ ਸ ਸੰ | ਨ ਰੁੰ ਸੁੰ — | — ਨ ਨ ਰੁ | ਨ ਧੁ ਪ ਪ |
| ਈs ss ਹ ਮ | ਮਾ s ਨਾ s | s ਮੀ ਤ ਕੇ | ਕ ਰ ਤ ਬ |
| ਮੇਗ ਮੇ ਗਰੁ ਗ | ਮੇਧੁ ਪਮੇ ਗਰੁ ਸ | | |
| ਕੁs ਸ ਲs ਸ | ਮਾs s, ਨਾs s | | |
| x | 2 | 0 | 3 |